# ਅਜੋਕੇ ਸਮੇਂ, ਹਿੰਸਾ ਅਤੇ ਦਮਨ ਦੇ ਸੰਕਟਾਂ ਵਿਚ ਗੁਰੂ ਨਾਨਕ ਸੱਚ ਦੀ ਪ੍ਰਸੰਗਿਕਤਾ

**ਡਾ. ਕੰਵਲਜੀਤ ਸਿੰਘ**

ਸਹਾਇਕ ਪ੍ਰੋਫੈਸਰ ਤੇ ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ, ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ
✆ 9815204186

1.

**ਅਜੋਕੇ ਸਮੇਂ : ਹਿੰਸਾ**- ਹਿੰਸਾ, ਮਨੁੱਖੀ ਸਭਿਅਤਾ ਦਾ ਆਦਿ ਜੁਗਾਦੀ ਗੁਣ ਹੈ ਪਰ ਅਜੋਕੇ ਸਮਿਆਂ ਨੇ ਹਿੰਸਾ ਦਾ ਰੂਪ ਬਦਲ ਦਿੱਤਾ ਹੈ ਓਪਰੀ ਨਜ਼ਰੇ ਵੇਖਿਆ ਇਉਂ ਲੱਗਦਾ ਹੈ ਕਿ ਆਧੁਨਿਕਤਾ ਦੇ ਆਉਣ ਨਾਲ ਹਿੰਸਾ ਖਤਮ ਹੋ ਗਈ ਹੈ ਪਰ ਅਸਲ ਵਿਚ ਇਸ ਦਾ ਰੂਪਾਂਤਰਣ ਹੋ ਚੁੱਕਿਆ ਹੈ। ਆਧੁਨਿਕ ਸਮਾਜਾਂ ਵਿਚ ਹਿੰਸਾ ਵਿਰੁੱਧ ਇਕ ਬਿਰਤਾਂਤ ਚੱਲਦਾ ਹੈ ਜਿਸ ਵਿਚ ਹਿੰਸਾ ਨੂੰ ਨਕਾਰਾਤਮਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ ਦਰਅਸਲ ਇਸ ਨਕਾਰਾਤਮਕ ਪੇਸ਼ਕਾਰੀ ਦੇ ਪਿੱਛੇ ਸਥਾਪਤੀ ਦੀ ਯਥਾ ਸਥਿਤੀ ਨੂੰ ਕਾਇਮ ਰੱਖਣ ਦੀ ਕੁਟਲ ਯੋਜਨਾ ਕਾਰਜਸ਼ੀਲ ਹੁੰਦੀ ਹੈ। ਦਮਨ ਦੇ ਵਿਰੁੱਧ ਹਥਿਆਰ ਚੁੱਕਣਾ ਅਤੇ ਮਹਾਨ ਸ਼ਾਂਤੀ ਲੈ ਕੇ ਆਉਣਾ ਕੇਵਲ ਤੇ ਕੇਵਲ ਸੰਘਰਸ਼ ਨਾਲ ਹੀ ਸੰਭਵ ਹੈ ਪ੍ਰੰਤੂ ਆਧੁਨਿਕ ਮਨੁੱਖ ਆਧੁਨਿਕ ਭਾਸ਼ਾ ਦੇ ਪ੍ਰਭਾਵ ਅਧੀਨ ਸੰਘਰਸ਼ ਦੇ ਗੌਰਵਸ਼ੀਲ ਅਰਥ ਗਵਾ ਚੁੱਕਾ ਹੈ ਇਸ ਲਈ ਇਸ ਨੂੰ ਸੰਘਰਸ਼ ਅਤੇ ਦਾਮਨਿਕ ਹਿੰਸਾ ਵਿਚਕਾਰ ਫ਼ਰਕ ਭੁੱਲ ਗਿਆ ਹੈ। ਮਨੁੱਖ ਨੂੰ ਦੁਬਾਰਾ ਹਿੰਸਾ ਦੇ ਸਨਮੁਖ ਆਪਣੇ ਗਿਆਨ ਅਤੇ ਅਮਲ ਨਾਲ ਖੜ੍ਹਾ ਹੋਣ ਦੀ ਜਰੂਰਤ ਹੈ। ਮਨੁੱਖ ਨੂੰ ਇਹ ਦਰਸਾਉਣ ਦੀ ਜ਼ਰੂਰਤ ਹੈ ਕਿ ਆਧੁਨਿਕਤਾ ਵਿਚ ਹਿੰਸਾ ਖਤਮ ਨਹੀਂ ਹੋਈ ਬਲਕਿ ਗਏ ਆਧੁਨਿਕਤਾ ਨੇ ਰਾਜ ਅਥਵਾ ਸਟੇਟ ਦਾ ਹਿੰਸਾ ਉੱਪਰ ਏਕਾਧਿਕਾਰ ਸਥਾਪਿਤ ਕੀਤਾ ਹੈ। ਮੈਕਸ ਵੈਬਰ ਨੇ ਆਧੁਨਿਕ ਰਾਜ ਦੀ ਪਰਿਭਾਸ਼ਾ ਦਿੰਦਿਆਂ ਲਿਖਿਆ ਹੈ ਕਿ "ਇਹ ਮਨੁੱਖਾਂ ਦਾ ਅਜਿਹਾ ਸਮੂਹ ਜਾਂ ਸਮੁੱਚ ਹੈ ਜੋ ਇਕ ਨਿਸ਼ਚਿਤ ਇਲਾਕੇ ਵਿਚ ਰਾਜ ਦਾ ਹਿੰਸਾ ਉੱਪਰ ਏਕਾ ਅਧਿਕਾਰ ਅਤੇ ਕਾਨੂੰਨੀ ਮਾਨਤਾ ਸਿਰਜਦਾ ਹੈ"।[1] ਆਧੁਨਿਕਤਾ ਨੇ ਹਿੰਸਾ ਨੂੰ ਇਲਾਕਾਈ ਅਤੇ ਦਿਸਦੇ ਸੰਦਰਭ ਤੋਂ ਮੁਕਤ ਕਰਕੇ ਸੰਸਥਾਗਤ ਅਤੇ ਵਿਸ਼ਵੀ ਬਣਾਇਆ ਹੈ। ਮੌਜੂਦਾ ਦੌਰ ਦੀ ਹਿੰਸਾ ਇੰਨੀ ਜ਼ਿਆਦਾ ਸੰਸਥਾਗਤ, ਤਕਨੀਕੀ ਅਤੇ ਅਫ਼ਸਰੀ/ ਪ੍ਰਬੰਧਕੀ ਅੰਦਾਜ਼ ਵਿਚ ਕੰਮ ਕਰਦੀ ਹੈ ਕਿ ਰਾਜ-ਹਿੰਸਾ ਦੇ ਵਿਰੋਧੀ ਅਤੇ ਹਿੰਸਾ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਵਾਲੇ ਵੀ ਇਸ ਦੀ ਢਾਂਚਾਗਤ ਪੁਖ਼ਤਗੀ ਤੋਂ ਕਾਇਲ ਹੋਏ ਬਿਨਾਂ ਨਹੀਂ ਰਹਿ ਸਕਦੇ। ਪੁਰਾਣੇ ਵੇਲਿਆਂ ਵਿਚ ਹਿੰਸਾ ਨਿੱਜੀ ਦੁਸ਼ਮਣੀਆਂ, ਰਾਜ ਪਸਾਰ ਦੀ ਮਹੱਤਵਕਾਂਕਸ਼ਾ ਅਤੇ ਸਥਾਨਕ ਪੱਧਰ ਦੇ ਜ਼ੁਲਮ ਨਾਲ ਸਬੰਧਿਤ ਸੀ, ਪਰ ਆਧੁਨਿਕਤਾ ਦੇ ਤਰਕ ਅਤੇ ਵਿਗਿਆਨ ਨੇ ਹਿੰਸਾ ਦੀ ਪ੍ਰਕਿਰਤੀ ਨੂੰ ਬੁਨਿਆਦੀ ਤੌਰ ਉੱਤੇ ਬਦਲ ਦਿੱਤਾ ਹੈ।

ਆਧੁਨਿਕਤਾ ਨਾਲ ਉਤਪਾਦਨ ਦੇ ਤਰੀਕੇ ਵਿਚ ਕ੍ਰਾਂਤੀ ਆਈ; ਪਹਿਲਾਂ ਉਤਪਾਦਨ ਮਨੁੱਖੀ ਬੁੱਧੀ, ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ ਹੁਨਰ, ਅਤੇ ਮਨੁੱਖ ਦੇ ਪੱਠਿਆਂ (ਦੇਹੀ ਸ਼ਕਤੀ ਖਰਚ ਕਰਕੇ ਕੀਤੇ ਜਾਣ ਵਾਲੇ ਕੰਮ) ਦੀ ਕਾਰਗੁਜ਼ਾਰੀ ਉੱਪਰ ਨਿਰਭਰ ਸੀ ਪਰ ਵਿਗਿਆਨ ਨੇ ਮਨੁੱਖੀ ਪੱਠਿਆਂ ਨੂੰ ਮਸ਼ੀਨ ਨਾਲ ਰੂਪਾਂਤਰਿਤ ਕਰ ਦਿੱਤਾ। ਮਸ਼ੀਨ ਅਣਥੱਕ ਤਰੀਕੇ ਨਾਲ ਰਾਤ ਦਿਨ ਉਤਪਾਦਨ ਕਰਦੀ ਸੀ। ਇਸ ਉਤਪਾਦਨ ਕ੍ਰਾਂਤੀ ਨੇ ਹੀ ਪੂੰਜੀਵਾਦ ਅਤੇ ਬਸਤੀਵਾਦ ਨੂੰ ਜਨਮ ਦਿੱਤਾ। ਇਹਨਾਂ ਦੋ ਸੰਕਲਪਾਂ ਦਾ ਗਹਿਨ ਅਧਿਐਨ ਜਿੱਥੇ ਸਾਨੂੰ ਵੱਖ ਵੱਖ ਸਾਮਰਾਜਾਂ ਦੀ ਪਸਾਰਵਾਦੀ/ਬਸਤੀਵਾਦੀ ਹਿੰਸਾ ਅਤੇ ਇਹਨਾਂ ਸਾਮਰਾਜਾਂ ਵੱਲੋਂ ਭੇਜੇ ਗਏ ਵਪਾਰੀਆਂ ਅਤੇ ਅਫਸਰਾਂ ਵੱਲੋਂ ਬਸਤੀਆਂ ਦੇ ਗੁਲਾਮਾਂ ਉੱਪਰ ਢਾਹੇ ਅਣਮਨਖੀ ਜੁਲਮਾਂ ਤੱਕ ਲੈ ਜਾਂਦਾ ਹੈ ਉੱਥੇ ਨਾਲ ਹੀ ਆਲਮੀ ਜੰਗਾਂ, ਭੂਰਾਜਨੀਤੀ, ਮਨੁੱਖਾਂ ਦਾ ਸਰਵਨਾਸ਼ ਕਰਨ ਵਾਲੇ ਨਿਊਕਲੀਅਰ ਹਥਿਆਰਾਂ ਅਤੇ ਸੰਸਾਰ ਪ੍ਰਬੰਧ ਵਿਚ ਕੰਮ ਕਰਦੀਆਂ ਨੀਤੀਆਂ ਤੱਕ ਵੀ ਲੈ ਜਾਂਦਾ ਹੈ। ਇੱਥੇ ਕੀਤੀ ਗਈ ਚਰਚਾ ਦਾ ਮਕਸਦ ਕੇਵਲ ਇਤਨਾ ਹੈ ਕਿ ਇਹ ਦਰਸਾਇਆ ਜਾ ਸਕੇ ਕਿ ਆਧੁਨਿਕਤਾ ਨਾਲ ਹਿੰਸਾ ਮਕਾਨਕੀ, ਸਰਬ ਨਾਸ਼ ਕਰਨ ਵਾਲੇ ਵੱਡੇ ਪੱਧਰ ਦੀ ਅਤੇ ਦੂਰੋਂ ਨਿਯੰਤਰਿਤ ਕੀਤੀ ਜਾ ਸਕਣ ਵਾਲੀ ਪ੍ਰਕਿਰਤੀ (ਡਰੋਨ ਅਤੇ ਸਾਈਬਰ ਜੰਗ) ਦੀ ਧਾਰਨੀ ਬਣੀ ਹੈ। ਆਧੁਨਿਕਤਾ ਨੇ ਹਿੰਸਾ ਅਤੇ ਹਿੰਸਕ ਨੂੰ ਵਧੇਰੇ ਸਮਰੱਥ ਬਣਾਇਆ ਹੈ ਭਾਵ ਕਿ ਆਧੁਨਿਕਤਾ ਦੇ ਤਰਕ ਦੇ ਵਜੂਦ ਵਿਚ ਹਿੰਸਾ ਅਲਹਿਦਾ ਨਾ ਕੀਤੇ ਜਾ ਸਕਣ ਵਾਲੇ ਜੁਜ਼ ਵਾਂਗ ਸ਼ਮੂਲੀਅਤ ਰੱਖਦੀ ਹੈ। ਮੌਜੂਦਾ ਦੌਰ ਦੀ ਹਿੰਸਾ ਦੀਆਂ ਜੜ੍ਹਾਂ ਆਧੁਨਿਕਤਾ ਦੀ ਆਮਦ ਨਾਲ ਪੱਛਮ ਵਿੱਚੋਂ ਪੈਦਾ ਹੋਏ ਪੂੰਜੀਵਾਦ ਅਤੇ ਬਸਤੀਵਾਦ ਨਾਲ ਜਾ ਜੁੜਦੀਆਂ ਹਨ।

**ਪੱਛਮ, ਪੂੰਜੀਵਾਦ ਅਤੇ ਬਸਤੀਵਾਦ** : ਹਿੰਸਾ ਬਾਰੇ ਆਪਣੇ ਚਰਚਾ ਨੂੰ ਅੱਗੇ ਤੋਰਨ ਤੋਂ ਪਹਿਲਾਂ ਆਧੁਨਿਕਤਾ ਅਤੇ ਪੱਛਮ ਸਬੰਧੀ ਕੁਝ ਮੁਢਲੀ ਜਾਣਕਾਰੀ ਦੇਣਾ ਵਿਅਰਥ ਨਹੀਂ ਹੋਵੇਗਾ। ਪੱਛਮ, ਪੂੰਜੀਵਾਦ ਅਤੇ ਬਸਤੀਵਾਦ

ਅਸਲ ਵਿਚ ਰੂਪਾਂਤਰਣ ਦੀ ਇਕ ਇਤਿਹਾਸਿਕ ਪ੍ਰਕਿਰਿਆ ਹੈ ਇਹ ਪ੍ਰਕਿਰਿਆ ਸੱਤਾ ਅਤੇ ਆਰਥਿਕ ਨਿਜ਼ਾਮ ਦੇ ਆਪਸੀ ਰਿਸ਼ਤਿਆਂ ਦੀ ਗੁੰਝਲਦਾਰ ਤਾਣੀ ਨਾਲ ਹੋਂਦ ਵਿਚ ਆਈ ਹੈ। ਆਧੁਨਿਕਤਾ ਨੂੰ ਮੁੱਖ ਤੌਰ ਤੇ ਯੂਰਪ ਵਿਚ 16ਵੀਂ ਸਦੀ ਦੀ ਪੁਨਰ ਜਾਗ੍ਰਤੀ ਲਹਿਰ ਤੋਂ ਬਾਅਦ 200 ਸਾਲ ਦੇ ਅਰਸੇ ਦੌਰਾਨ ਵਾਪਰੇ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਬੌਧਿਕ ਰੂਪਾਂਤਰਣ ਵਜੋਂ ਦਰਸਾਇਆ ਜਾਂਦਾ ਹੈ। ਇਸ ਨਾਲ ਪੱਛਮੀ ਸਮਾਜਾਂ ਦੀ ਬਣਤਰ ਵਿਸ਼ੇਸ਼ ਤੌਰ ’ਤੇ ਵਖਰੇਵੇਂ ਦੀ ਧਰਨੀ ਹੋ ਗਈ। ਇਸ ਦੇ ਉਪ-ਉਤਪਾਦਾਂ ਵਜੋਂ ਵਿਗਿਆਨਿਕ ਕ੍ਰਾਂਤੀ, ਉਦਯੋਗਿਕ ਕ੍ਰਾਂਤੀ, ਕੌਮੀ ਰਾਜਾਂ ਦਾ ਗਠਨ, ਪੂੰਜੀਵਾਦੀ ਮੰਡੀਆਂ ਅਤੇ ਅਫਸਰਸ਼ਾਹੀ ਦੁਆਰਾ ਰਾਜਸੀ ਨਿਜ਼ਾਮ ਦਾ ਪ੍ਰਬੰਧਨ ਗਿਣਨ ਯੋਗ ਉਪਲਬਧੀਆਂ ਹਨ। ਸਧਾਰਨ ਬੋਲੀ ਵਿਚ ਪੱਛਮ ਇਕ ਭੂਗੋਲਿਕ ਦਿਸ਼ਾ ਹੈ ਪ੍ਰੰਤੂ ਅਕਾਦਮਿਕ ਖੇਤਰ, ਇਤਿਹਾਸਿਕ ਰਾਜਨੀਤਿਕ ਅਤੇ ਸੱਭਿਆਚਾਰਕ ਸੰਕਲਪੀਕਰਨ ਰਾਹੀਂ ਇਸ ਨੂੰ ਇਕ ਮੁਕੰਮਲ ਸਭਿਅਤਾ ਸੱਭਿਆਚਾਰਕ ਪਛਾਣ ਆਰਥਿਕ ਅਤੇ ਰਾਜਨੀਤਿਕ ਪ੍ਰਬੰਧ ਸਮੇਤ ਇਕ ਭੂਗੋਲਿਕ ਖੰਡ ਵਜੋਂ ਪੇਸ਼ ਕਰਦਾ ਹੈ। ਮੌਜੂਦਾ ਸਮੇਂ ਪੱਛਮ ਨੂੰ ਪਰਿਭਾਸ਼ਿਤ ਕਰਦਿਆਂ ਇਸ ਵਿਚ ਯੂਰਪ, ਉੱਤਰੀ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪੱਛਮੀ ਸਮਾਜ ਮੁੱਖ ਰੂਪ ਵਿਚ ਪੂੰਜੀਵਾਦੀ ਸਮਾਜ ਹਨ। ਪੂੰਜੀਵਾਦ ਲੁੱਟ ਯੋਜਨਾ ਉਪਰ ਉੱਸਰੀ ਇਕ ਆਰਥਿਕ ਸੰਰਚਨਾ ਹੈ ਪਰ ਇਸਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਸਮੁੱਚੇ ਵਿਸ਼ਵ ਅਤੇ ਇਸ ਦੀ ਸਿਰਜਣਾ ਸੰਬੰਧੀ ਸੰਕਲਪ ਅਤੇ ਸਿਧਾਂਤਕ ਸਪੱਸ਼ਟਤਾ ਪੂਰਨ ਪੁਖ਼ਤਗੀ ਸਹਿਤ ਮੌਜੂਦ ਹੈ। ਪੂੰਜੀਵਾਦੀ ਸਮਾਜਾਂ ਵਿਚ ਮੁੱਖ ਤੌਰ ’ਤੇ ਚਾਰ ਤੱਤਾਂ ਦਾ ਸੰਯੋਜਨ ਨਜ਼ਰ ਆਉਂਦਾ ਹੈ ਨਿੱਜੀ ਮਲਕੀਅਤ, ਮੰਡੀ (ਉਤਪਾਦਾਂ ਦਾ ਅਦਾਨ ਪ੍ਰਦਾਨ), ਤਨਖਾਹਦਾਰ ਮਜ਼ਦੂਰੀ ਅਤੇ ਮੁਨਾਫੇ ਦਾ ਉਦੇਸ਼। ਇਹਨਾਂ ਚਾਰ ਤੱਤਾਂ ਦੀ ਅਗਲੀ ਵਿਆਖਿਆ ਇਹ ਬਣਦੀ ਹੈ ਕਿ ਕੁਝ ਵਿਅਕਤੀ ਅਤੇ ਉਹਨਾਂ ਦੁਆਰਾ ਸਿਰਜੇ ਗਏ ਵਪਾਰੀ ਨਿਜ਼ਾਮ ਜਿਨ੍ਹਾਂ ਨੂੰ ਆਧੁਨਿਕ ਬੋਲੀ ਵਿਚ ਕਾਰਪੋਰੇਸ਼ਨ ਕਿਹਾ ਜਾਂਦਾ ਹੈ, ਉਤਪਾਦਨ ਦੇ ਸਰੋਤਾਂ ਉੱਪਰ ਕਾਬਜ਼ ਹਨ। ਬਹੁਗਿਣਤੀ ਲੋਕਾਂ ਕੋਲ ਉਤਪਾਦਨ ਦੀ ਮਲਕੀਅਤ ਨਹੀਂ ਹੈ ਇਸ ਲਈ ਉਹ ਆਪਣੀ ਮਜ਼ਦੂਰੀ ਨੂੰ ਤਨਖਾਹ ਦੇ ਇਵਜਾਨੇ ਵੇਚਣ ਲਈ ਮਜਬੂਰ ਹਨ। ਸਮੁੱਚੇ ਨਿਜ਼ਾਮ ਦਾ ਇੱਕੋ ਇਕ ਉਦੇਸ਼ ਮੁਨਾਫ਼ਾ ਕਮਾਉਣਾ ਅਤੇ ਇਸ ਵਾਫਰ ਮੁਨਾਫ਼ੇ ਨੂੰ ਲਗਾਤਾਰ ਵਧਾਉਂਦੇ ਜਾਣਾ ਹੈ (ਮੈਕਸੀਮਾਈਜੇਸ਼ਨ/ਸਰਪਲਸ ਪ੍ਰੋਫ਼ਿਟ)। ਵਿਸ਼ਵ ਨੂੰ ਮੁੱਖ ਤੌਰ ’ਤੇ ਇਕ ਮੰਡੀ ਸਮਝਿਆ ਜਾਂਦਾ ਹੈ ਅਤੇ ਸਾਰੇ ਵਿਸ਼ਵ ਵਿਚ ਪਸਰੀਆਂ ਛੋਟੀਆਂ ਮੰਡੀਆਂ ਨੂੰ ਆਪਸ ਵਿਚ ਮੰਗ ਅਤੇ ਪੂਰਤੀ (ਸਪਲਾਈ-ਚੇਨ) ਦੇ ਨੁਕਤੇ ਤੋਂ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਜੋ ਮੁਨਾਫ਼ਾ ਮਿਲਦਾ ਹੈ ਉਸ ਨੂੰ ਦੁਬਾਰਾ ਨਿਵੇਸ਼ ਕਰਕੇ ਪਸਾਰ ਅਤੇ ਤਰੱਕੀ ਵਜੋਂ ਪੇਸ਼ ਕੀਤਾ ਜਾਂਦਾ ਹੈ। ਬਸਤੀਵਾਦ ਰਾਜਨੀਤਿਕ ਗਲਬੇ ਦਾ ਇਕ ਅਜਿਹਾ ਪ੍ਰਬੰਧ ਜਿਸ ਨੇ ਆਰਥਿਕ ਲੁੱਟ ਅਤੇ ਸੱਭਿਆਚਾਰਕ ਨਿਯੰਤਰਣ ਨਾਲ ਪੱਛਮੀ ਸਮਾਜ ਦੀ ਗੈਰ ਪੱਛਮੀ ਸਮਾਜਾਂ ਉੱਪਰ ਪ੍ਰਭੁਤਾ ਸਥਾਪਿਤ ਕੀਤੀ। ਬਸਤੀਵਾਦ ਉਦੋਂ ਪ੍ਰਤੱਖ ਰੂਪ ਵਿਚ ਹੋਂਦ ਗ੍ਰਹਿਣ ਕਰ ਜਾਂਦਾ ਹੈ ਜਦੋਂ ਕੋਈ ਤਾਕਤਵਰ ਮੁਲਕ ਦੂਜੇ ਮੁਲਕਾਂ ਉੱਪਰ ਜ਼ਮੀਨੀ ਤੌਰ ’ਤੇ ਕਾਬਜ਼ ਹੋ ਕੇ ਉਥੋਂ ਦੇ ਕੁਦਰਤੀ ਸਰੋਤਾਂ ਦੀ ਲੁੱਟ ਕਰਨੀ ਸ਼ੁਰੂ ਕਰਦਾ ਹੈ ਅਤੇ ਉੱਥੇ ਆਪਣਾ ਇਕ ਆਰਥਿਕ ਨਿਜ਼ਾਮ ਸਥਾਪਿਤ ਕਰ ਦਿੰਦਾ ਹੈ। ਬਸਤੀਵਾਦ ਕੇਵਲ ਉੱਥੇ ਆਪਣਾ ਰਾਜਨੀਤਕ ਦਾਬਾ ਜਾਂ ਨਿਜ਼ਾਮ ਹੀ ਸਥਾਪਿਤ ਨਹੀਂ ਕਰਦਾ ਬਲਕਿ ਉੱਥੇ ਗਿਆਨ, ਸੱਭਿਆਚਾਰ ਅਤੇ ਸੱਭਿਅਤਾ ਨੂੰ ਵੀ ਪੁਨਰ ਪਰਿਭਾਸ਼ਿਤ ਕਰਕੇ ਆਪਣੇ ਨੁਕਤਾ ਨਿਗਾਹ ਅਨੁਸਾਰ ਜੀਵਨ ਪ੍ਰਵਾਹ ਨੂੰ ਬਦਲ ਦਿੰਦਾ ਹੈ। ਪੂੰਜੀਵਾਦੀ ਸਮਾਜਾਂ ਬਾਰੇ ਤਿੰਨ ਵੱਡੇ ਚਿੰਤਕਾਂ ਦਾ ਚਿੰਤਨ ਸਾਡੇ ਧਿਆਨ ਦੀ ਮੰਗ ਕਰਦਾ ਹੈ ਐਡਮ ਸਮਿਥ ਨੇ ਇਸ ਨੂੰ ਮੰਡੀ ਦੇ ਅਣਦਿਸਦੇ ਹੱਥ ਵਜੋਂ ਪਰਿਭਾਸ਼ਿਤ ਕੀਤਾ ਉੱਥੇ ਹੀ ਕਾਰਲ ਮਾਰਕਸ ਨੇ ਇਸ ਨੂੰ ਸੋਸ਼ਣ ਅਤੇ ਵਰਗ ਸੰਘਰਸ਼ ਵਜੋਂ ਪਰਿਭਾਸ਼ਿਤ ਕੀਤਾ। ਤੀਜਾ ਵਿਦਵਾਨ ਸਮਾਜ ਵਿਗਿਆਨੀ ਮੈਕਸ ਵੈਬਰ ਹੈ ਜੋ ਪੂੰਜੀਵਾਦ ਨੂੰ ਪ੍ਰੋਟੈਸਟੈਂਟ ਨੈਤਿਕਤਾ ਵਜੋਂ ਪਰਿਭਾਸ਼ਿਤ ਕਰਦਾ ਹੈ। ਪੂੰਜੀਵਾਦੀ ਸਮਾਜਾਂ ਬਾਰੇ ਇਹ ਜਾਣਕਾਰੀ ਸਾਡੇ ਅਗਲੇ ਅਧਿਅਨ ਵਿਚ ਹਿੰਸਾ ਅਤੇ ਦਮਨ ਸਬੰਧੀ ਵਿਸ਼ਵ ਪ੍ਰਤਿਭਾ ਦੇ ਵਿਸ਼ਲੇਸ਼ਣ ਨੂੰ ਸਮਝਣ ਵਿਚ ਮਦਦਗਾਰ ਹੋਵੇਗੀ।

**ਹਿੰਸਾ ਦੇ ਵੱਖ-ਵੱਖ ਪੱਧਰ:**

ਹਿੰਸਾ ਉੱਪਰ ਪੱਛਮ ਦੇ ਵਿਭਿੰਨ ਵਿਦਵਾਨਾਂ ਨੇ ਬਹੁਤ ਉੱਤਮ ਲਿਖਤਾਂ ਪੈਦਾ ਕੀਤੀਆਂ ਹਨ ਜਿਨਾਂ ਵਿਚ ਇਹ ਦਰਸਾਇਆ ਗਿਆ ਹੈ ਕਿ ਹਿੰਸਾ ਕੇਵਲ ਦੇਹ ਉੱਪਰ ਕੀਤਾ ਜਾਣ ਵਾਲਾ ਅੱਤਿਆਚਾਰ ਨਹੀਂ ਹੈ ਸਗੋਂ ਹਿੰਸਾ ਬਹੁਤ ਵਾਰ ਸੂਖਮ ਰੂਪ ਧਾਰਨ ਕਰ ਜਾਂਦੀ ਹੈ ਜਦੋਂ ਇਹ ਮਨੋਵਿਗਿਆਨਕ ਪੱਧਰ ਉੱਪਰ ਕਾਰਜਸ਼ੀਲ ਹੁੰਦੀ ਹੈ। ਹਾਨਾ ਅਰਡੰਟ ਹਿੰਸਾ ਬਾਰੇ ਲਿਖਦੀ ਹੈ ਕਿ ਹਿੰਸਾ ਅਸਲ ਵਿਚ ਸ਼ਕਤੀ ਦਾ ਪ੍ਰਤੱਖ ਰੂਪ ਵਿਚ ਪ੍ਰਗਟਾਵਾ ਹੈ। ਦੂਜਿਆਂ ਉੱਪਰ ਗਲਬਾ ਜਾਂ ਦਾਬਾ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ (ਬੇਸਿਕ ਇੰਸਟਿੰਕਟਸ) ਵਿਚ ਪ੍ਰਮੁੱਖ ਹੈ। ਇਸੇ ਸਬੰਧੀ ਜੋਵੀਨੇਲ ਨੇ ਲਿਖਿਆ ਕਿ ਮਨੁੱਖ ਜਦੋਂ ਆਪਣੇ ਆਪ ਨੂੰ ਦੂਜਿਆਂ ਉੱਪਰ ਥੋਪਦਾ ਹੈ ਜਾਂ ਆਪਣੀ ਇੱਛਾ ਅਨੁਸਾਰ


**www.sanvad.org**
ISSN : 2395-1273

ਦੂਜਿਆਂ ਨੂੰ ਵਰਤਣਾ ਚਾਹੁੰਦਾ ਹੈ ਤਾਂ ਇਸ ਵਿੱਚੋਂ ਹਿੰਸਾ ਉਤਪੰਨ ਹੁੰਦੀ ਹੈ। ਮਨੁੱਖ ਦੇ ਅੰਦਰ ਡੂੰਘੀ ਥਾਂ 'ਤੇ ਇਹ ਪ੍ਰਵਿਰਤੀ ਪਈ ਹੋਈ ਹੈ ਕਿ ਉਹ ਦੂਜਿਆਂ ਉੱਪਰ ਰਾਜ ਕਰੇ, ਦੂਜੇ ਉਸ ਨੂੰ ਧਾਵਾ, ਜੇਤੂ, ਸਮਰੱਥ ਅਤੇ ਨਾਇਕ ਮੰਨਣ। ਪੁਰਾਣੀ ਰਾਜਾਸ਼ਾਹੀ ਨੇ ਇਸ ਦਾ ਹੱਲ ਕੱਢਿਆ ਕਿ ਜੇਕਰ ਉਹ ਫੌਜੀ ਸ਼ਕਤੀ ਰਾਹੀਂ ਦੂਜਿਆਂ ਨੂੰ ਜਿੱਤਦੇ ਹਨ ਤਾਂ ਉਹ ਵੱਡੇ ਧਾਵੀ ਅਤੇ ਜੰਗਜੂ ਮੰਨੇ ਜਾਣਗੇ ਅਤੇ ਜੇਕਰ ਉਹ ਰਾਜਨੀਤੀ ਜਾਂ ਕੂਟਨੀਤੀ ਨਾਲ ਦੂਜਿਆਂ ਨੂੰ ਜਿੱਤਦੇ ਹਨ ਤਾਂ ਉਹ ਚੰਗੇ ਰਾਜੇ ਭਾਵ ਰਾਜਨੀਤਿਕ ਮੰਨੇ ਜਾਣਗੇ ਪਰੰਤੂ ਇਹ ਯਥਾ ਸਥਿਤੀ ਲਗਾਤਾਰ ਨਹੀਂ ਬਣੀ ਰਹਿ ਸਕਦੀ ਇਸ ਲਈ ਕੋਈ ਅਜਿਹਾ ਸੰਦ ਖੋਜਣਾ ਜ਼ਰੂਰੀ ਸੀ ਜਿਸ ਦੇ ਆਸਰੇ ਉਹ ਲਗਾਤਾਰ ਆਪਣੀ ਸਥਿਤੀ ਨੂੰ ਬਰਕਰਾਰ ਰੱਖ ਸਕਣ, ਅਖੀਰ ਰਾਜ (ਸਟੇਟ) ਹੀ ਉਹ ਸੰਦ ਬਣਿਆ ਜੋ ਇਕ ਮਨੁੱਖ ਨੂੰ ਹੈਰਾਨੀਜਨਕ ਤਰੀਕੇ ਨਾਲ ਇਨਾ ਤਾਕਤਵਰ, ਮਜਬੂਤ ਅਤੇ ਸਮਰੱਥ ਬਣਾਉਂਦਾ ਹੈ ਜੋ ਦੂਜਿਆਂ ਉੱਪਰ ਆਪਣੀ ਇੱਛਾ ਨੂੰ ਥੋਪ ਸਕੇ। ਪਰਜਾ ਦਾ ਅਰਥ ਸੀ ਉਹ ਲੋਕ ਜੋ ਹਰ ਸਮੇਂ ਰਾਜੇ ਦੇ ਉਨਾਂ ਹੁਕਮਾਂ ਨੂੰ ਪੂਰਾ ਕਰਨ ਲਈ ਪਾਬੰਦ ਹੋਣ ਜੋ ਰਾਜੇ ਦੀਆਂ ਇੱਛਾਵਾਂ ਉਸ ਨੂੰ ਸੁਝਾਉਂਦੀਆਂ ਹਨ, ਇਸ ਦੇ ਬਦਲੇ ਵਿਚ ਰਾਜਾ ਉਨਾਂ ਨੂੰ ਵਫਾਦਾਰੀ ਦੇ ਤਮਗੇ ਵੰਡਦਾ ਸੀ। ਅਸਲ ਵਿਚ ਤਾਕਤ ਮਨੁੱਖ ਦੀਆਂ ਆਦਤਾਂ ਅਤੇ ਵਿਸ਼ਵਾਸਾਂ ਵਿੱਚੋਂ ਉਪਜਦੀ ਹੈ ਪਰੰਤੂ ਇਸ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਉਸ ਨੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਆਪਣੇ ਲਾਭ ਹਿਤ ਕਿਵੇਂ ਮੋੜ ਦੇਣਾ ਹੈ। ਇਸ ਦੇ ਨਾਲ ਹੀ ਉਹ ਇਕ ਅਜਿਹਾ ਢਾਂਚਾ ਸਿਰਜਦਾ ਹੈ ਜਿਸ ਨੂੰ ਨਿਜ਼ਾਮ ਕਿਹਾ ਜਾਂਦਾ ਹੈ ਇਹ ਨਿਜ਼ਾਮ ਵੀ ਅਸਲ ਵਿਚ ਮਨੁੱਖ ਹੀ ਹੁੰਦੇ ਹਨ ਇਹ ਮਨੁੱਖ ਉਸ ਇਕ ਸ਼ਕਤੀਸ਼ਾਲੀ ਮਨੁੱਖ ਦੀ ਇੱਛਾ ਨੂੰ ਦੂਜਿਆਂ ਕੋਲੋਂ ਪੂਰਾ ਕਰਵਾਉਣ ਵਾਲਾ ਤੰਤਰ ਅਤੇ ਸੰਦ ਬਣ ਜਾਂਦੇ ਹਨ, ਕਿਉਂਕਿ ਇਹਨਾਂ ਨੇ ਆਪਣਾ ਇਹ ਅਹੁਦਾ ਲੰਮਾ ਸਮਾਂ ਉਸ ਤੰਤਰ ਵਿਚ ਰਹਿ ਕੇ ਹਾਸਿਲ ਕੀਤਾ ਹੁੰਦਾ ਹੈ ਇਸ ਲਈ ਇਹ ਖੁਦ ਨੂੰ ਅਧਿਕਾਰੀ ਸਮਝਣ ਲੱਗ ਪੈਂਦੇ ਹਨ। ਅਧਿਕਾਰ ਦੀ ਇਹ ਭਾਵਨਾ ਹੀ ਦੂਜਿਆਂ ਉੱਪਰ ਹਿੰਸਕ ਹੋਣ ਦੀ ਵਾਜਬੀਅਤ ਜਾਂ ਮਾਨਤਾ ਦਾ ਆਧਾਰ ਬਣਦੀ ਹੈ।

ਆਧੁਨਿਕਤਾ ਨੂੰ ਆਮ ਤੌਰ 'ਤੇ ਪੱਛਮੀ ਸਮਾਜਾਂ ਵਿਚ ਪੈਦਾ ਹੋਈ ਵਿਗਿਆਨਿਕ ਤਰੱਕੀ, ਕਾਰਖ਼ਾਨੇ, ਲੋਕਤੰਤਰ, ਮਨੁੱਖੀ ਹਕੂਕ ਆਦਿ ਰਾਹੀਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਪ੍ਰੰਤੂ ਇਹਨਾਂ ਦੇ ਮੁਕਾਬਲਤਨ ਆਲਮੀ ਜੰਗਾਂ, ਨਸਲੀ ਹਿੰਸਾ, ਨਸਲਕੁਸ਼ੀ ਅਤੇ ਬਸਤੀਵਾਦ ਦੌਰਾਨ ਗੁਲਾਮਾਂ ਉੱਪਰ ਕੀਤੇ ਜਾਂਦੇ ਅਥਾਹ ਤਸ਼ੱਦਦ ਨੂੰ ਦੇਖਦਿਆਂ ਇਕ ਅਜੀਬ ਕਿਸਮ ਦੀ ਆਪਾਵਿਰੋਧੀ ਸਥਿਤੀ ਨਜ਼ਰੀਂ ਪੈਂਦੀ ਹੈ। ਭਾਵ ਕਿ ਹਿੰਸਾ ਨੂੰ ਨਜ਼ਰੀਆ ਬਣਾ ਕੇ ਵੇਖਿਆਂ ਪੱਛਮ ਦੀ ਆਪਣੇ ਬਾਰੇ ਕੀਤੀ ਗਈ ਉਪਰੋਕਤ ਵਿਆਖਿਆ ਦੇ ਪਹਿਲੇ ਹਿੱਸੇ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿਉਂਕਿ ਪੱਛਮ ਦੇ ਆਮ ਲੋਕਾਂ ਤੋਂ ਲੈ ਕੇ ਪਤਵੰਤਿਆਂ, ਵਿਦਵਾਨਾਂ ਅਤੇ ਰਾਜਨੀਤਿਕਾਂ ਵਲੋਂ ਦੁਨੀਆ ਭਰ ਵਿਚ ਮੌਤ ਦਾ ਸਹਿਮ ਫੈਲਾਉਣ ਨੂੰ ਸਹਿਮਤੀ ਅਤੇ ਪ੍ਰਵਾਨਗੀ ਦੇਣਾ ਸਹਿਜੇ ਹੀ ਪ੍ਰਤੀਤ ਹੁੰਦਾ ਹੈ। ਆਧੁਨਿਕ ਸਮਾਜਾਂ ਵਿਚ ਹਿੰਸਾ ਕੇਂਦਰੀਕ੍ਰਿਤ ਅਤੇ ਕਾਨੂੰਨੀ ਮਾਨਤਾ ਪ੍ਰਾਪਤ ਹੈ ਸਗੋਂ ਇਸਦਾ ਅਫ਼ਸਰਸ਼ਾਹੀ ਰਾਹੀਂ ਪ੍ਰਬੰਧ ਕੀਤਾ ਜਾਂਦਾ ਹੈ। ਪੁਰਾਣੇ ਕਬੀਲਾਈ ਸਮਾਜਾਂ ਵਿਚ ਹਿੰਸਾ ਵਿਸ਼ੇਸ਼ ਘਟਨਾਵਾਂ ਨਾਲ ਜੁੜੀ ਹੋਈ ਸੀ ਪ੍ਰੰਤੂ ਆਧੁਨਿਕ ਸਮਾਜਾਂ ਵਿਚ ਹਿੰਸਾ ਤਾਰਕਿਕ ਅਤੇ ਸੰਸਥਾਵਾਂ ਰਾਹੀਂ ਨਿਯੰਤਰਿਤ ਹੈ। ਪੁਰਾਣੇ ਵੇਲਿਆਂ ਵਿਚ ਹਿੰਸਕ ਵਿਅਕਤੀ ਨਕਾਰਾਤਮਕ ਪ੍ਰਤੀਕ ਸਨ ਪ੍ਰੰਤੂ ਮੌਜੂਦਾ ਸਮਾਜਾਂ ਵਿਚ ਉਹ ਸ਼ਿੰਗਾਰੇ ਹੋਏ ਅਫਸਰ ਹਨ ਹਿੰਸਾ ਨਿਯਮਾਂ ਵਿਚ ਬੱਝੀ ਹੋਈ ਅਵਿਅਕਤੀਗਤ ਪ੍ਰਕਿਰਿਆ ਹੈ। ਅਨਿੱਜੀ ਜਾਂ ਗੈਰ ਵਿਅਕਤੀਗਤ ਤੋਂ ਭਾਵ ਹੈ ਕਿ ਅਫ਼ਸਰਸ਼ਾਹੀ ਜਦੋਂ ਜ਼ੁਲਮ ਢਾਹੁੰਦੀ ਹੈ ਤਾਂ ਮਜ਼ਲੂਮ ਨਾਲ ਉਹਨਾਂ ਦਾ ਕੋਈ ਨਿੱਜੀ ਵੈਰ ਨਹੀਂ ਹੁੰਦਾ। ਜਰਮਨੀ ਵਰਗੇ ਫ਼ਲਸਫ਼ੇ ਅਤੇ ਵਿਗਿਆਨ ਦੇ ਕੇਂਦਰ ਮੁਲਕ ਵਿਚ ਯਹੂਦੀਆਂ ਉੱਪਰ ਕੀਤੇ ਗਏ ਜ਼ੁਲਮ ਅਤੇ ਦੁਨੀਆਂ ਵਿਚ ਸਭ ਤੋਂ ਵੱਧ ਨੋਬਲ ਪ੍ਰਾਈਜ਼ ਜਿੱਤਣ ਵਾਲੀ ਕੌਮ ਯਹੂਦੀਆਂ ਦੇ ਮੁਲਕ ਵੱਲੋਂ ਫ਼ਲਸਤੀਨੀਆ ਉੱਪਰ ਹਾਲ ਹੀ ਵਿਚ ਕੀਤੇ ਗਏ ਜ਼ੁਲਮ ਕੁਝ ਅਜਿਹੀ ਦਾਸਤਾਨ ਹੀ ਕਹਿ ਰਹੇ ਹਨ।

**ਗਿਆਨ-ਹਿੰਸਾ ਅਤੇ ਦਮਨ** : ਇਸ ਪ੍ਰਸੰਗ ਵਿਚ ਜੇਕਰ ਹੋਰ ਡੂੰਘਾ ਖੋਦਿਆ ਜਾਵੇ ਤਾਂ ਰਾਜ ਅਤੇ ਸ਼ਕਤੀ, ਮਨੁੱਖੀ ਦੇਹ ਅਤੇ ਉਸ ਦੀ ਦੇਹ ਵਿਚ ਚੱਲਣ ਵਾਲੀ ਰਸ ਪ੍ਰਕਿਰਿਆ ਨੂੰ ਆਪਣੀ ਹਿੰਸਾ ਦਾ ਸਕਾਰ ਬਣਾਉਂਦੀ ਦਿਸਦੀ ਹੈ। ਡਾਕਟਰ ਗੁਰਭਗਤ ਸਿੰਘ ਨੇ ਇਸ ਪ੍ਰਸੰਗ ਵਿਚ ਆਪਣੇ ਇਕ ਲੇਖ 'ਅਜੋਕਾ ਵਿਸ਼ਵ ਚਿੰਤਨ ਅਤੇ ਅਕਾਲ ਤਖ਼ਤ' ਵਿਚ ਦਰਸਾਇਆ ਕਿ "ਅਜੋਕਾ ਵਿਸ਼ਵ ਚਿੰਤਨ ਜਿਸ ਵਿਚ ਪੱਛਮ ਦਾ ਵੱਡਾ ਭਾਗ ਹੈ ਅਤੇ ਜੋ ਅਸਲ ਵਿਚ ਨੀਟਸ਼ੇ ਤੋਂ ਆਰੰਭ ਹੁੰਦਾ ਹੈ 19ਵੀਂ ਸਦੀ ਦੇ ਇਸ ਕ੍ਰਾਂਤੀਕਾਰੀ ਦਾਰਸ਼ਨਿਕ ਨੇ ਇਸ ਗੱਲ ਵੱਲ ਧਿਆਨ ਦਵਾਇਆ ਕਿ ਗਿਆਨ ਅਤੇ ਸੰਸਥਾਵਾਂ ਸ਼ਕਤੀ ਨਾਲ ਸਬੰਧਿਤ ਹਨ। ਆਪਣੀ ਪੁਸਤਕ 'ਸ਼ਕਤੀ ਲਈ ਇੱਛਾ' ਵਿਚ ਸਪਸ਼ਟ ਤੌਰ 'ਤੇ ਕਹਿੰਦਾ ਹੈ ਕਿ ਗਿਆਨ, ਸ਼ਕਤੀ ਦੇ ਸੰਦ ਵਜੋਂ ਕੰਮ ਕਰਦਾ ਹੈ"।[2] ਇਸੇ ਲੇਖ ਵਿਚ ਉਹ ਅੱਗੇ ਚੱਲ ਕੇ ਲਿਖਦੇ ਹਨ ਕਿ "ਝੂਠੀ ਪਾਤਸ਼ਾਹੀ ਜਾਂ 20ਵੀਂ ਸਦੀ ਦੇ ਮੁਹਾਵਰੇ ਵਿਚ ਦਮਨ ਕਰਨ ਜਾਂ ਦਬਾਉਣ ਵਾਲਾ ਸ਼ਕਤੀ ਪ੍ਰਬੰਧ ਅਤੇ ਉਸ ਦੀਆਂ ਸੰਸਥਾਵਾਂ ਮਨੁੱਖੀ ਜੀਵਨ ਦਾ ਘਾਣ ਕਰਦੀਆਂ ਹਨ ਮਨੁੱਖ

ਦੀਆਂ ਅੰਦਰਲੀਆਂ ਸ਼ਕਤੀਆਂ ਅਤੇ ਰਸਾਇਣਾਂ ਨੂੰ ਗੁਲਾਮ ਬਣਾ ਲੈਂਦੀਆਂ ਹਨ । ਸਾਡੇ ਸਮੇਂ ਵਿਚ ਤਿੰਨ ਪ੍ਰਸਿੱਧ ਚਿੰਤਕਾਂ ਨੇ ਇਸ ਬਾਰੇ ਵਿਸਥਾਰ ਨਾਲ ਲਿਖਿਆ ਹੈ ਉਹ ਚਿੰਤਕ ਹਨ ਫੂਕੋ ਦੇਲਿਊਜ ਅਤੇ ਗਾਟਰੀ। ਫੂਕੋ ਨੇ ਆਪਣੀ ਪੁਸਤਕ ਅਨੁਸ਼ਾਸਨ ਅਤੇ ਸਜ਼ਾ ਅਤੇ ਲੇਖ ਦੇਹ/ਸ਼ਕਤੀ ਵਿਚ ਇਹ ਸਪਸ਼ਟ ਕੀਤਾ ਹੈ ਕਿ ਦਮਨਕਾਰੀ ਸ਼ਕਤੀ ਸਾਡੀ ਦੇਹ ਦੀਆਂ ਅੰਦਰਲੀਆਂ ਸ਼ਕਤੀਆਂ ਨੂੰ ਆਪਣੇ ਹੱਕ ਵਿਚ ਸਿੱਧਾਉਂਦੀ ਹੈ, ਸਾਡੀਆਂ ਕਾਮਨਾਵਾਂ ਨੂੰ ਪ੍ਰਭਾਵਿਤ ਕਰਦੀ ਹੈ ਤੇ ਆਪਣੀ ਇੱਛਾ ਅਨੁਸਾਰ ਆਪਣੇ ਹਿੱਤ ਵਿਚ ਜਾਣ ਵਾਲਾ ਗਿਆਨ ਉਪਜਾਉਂਦੀ ਹੈ''।[3] ਇਹਨਾਂ ਤਿੰਨ ਚਿੰਤਕਾਂ ਦੇ ਚਿੰਤਨ ਨਾਲ ਵਾਹ ਵਾਸਤਾ ਰੱਖਣ ਵਾਲੀ ਪ੍ਰਤਿਭਾ ਨੂੰ ਪਤਾ ਹੈ ਕਿ ਆਧੁਨਿਕਤਾ ਗਿਆਨ ਸੱਤਾ (ਅਪਿਸਟਮਿਕ ਪਾਵਰ) ਅਤੇ ਢਾਂਚਿਆਂ ਦੀ ਪ੍ਰਭੂਤਾ (ਸਟਰਕਚਰਲ ਡੌਮੀਨੈਂਸ) ਅਜਿਹੇ ਸ਼ਬਦ ਹਨ ਜਿਨਾਂ ਦੀ ਸਹਾਇਤਾ ਨਾਲ ਇਸ ਵੱਡੀ ਦਮਨ-ਯੋਜਨਾ ਨੂੰ ਸਮਝਣਾ ਆਸਾਨ ਹੋ ਜਾਂਦਾ ਹੈ। ਇਹਨਾਂ ਪ੍ਰਤਿਭਾਸ਼ਾਲੀ ਵਿਦਵਾਨਾਂ ਨੇ ਸੱਤਾ ਦੇ ਪ੍ਰਵਚਨ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਕਿ ਇਹਨਾਂ ਦੀਆਂ ਲਿਖਤਾਂ ਪੜ੍ਹਨ ਤੋਂ ਬਾਅਦ ਗਿਆਨ-ਪ੍ਰਬੰਧ, ਵਸਤੂ ਵਰਤਾਰਿਆਂ ਨੂੰ ਸਮਝਣ ਦੀ ਆਜ਼ਾਦ ਪ੍ਰਕਿਰਿਆ ਦੀ ਥਾਂ ਸੱਤਾ ਦੀ ਦਬਾਓ ਯੋਜਨਾ ਦੇ ਮਕਾਨਕੀ ਯੰਤਰ ਵਜੋਂ ਕੰਮ ਕਰਦਾ ਇਕ ਸੰਦ ਮਹਿਸੂਸ ਹੋਣ ਲੱਗ ਜਾਂਦਾ ਹੈ ਜੋ ਆਪਣੇ ਆਪ ਵਿਚ ਹਿੰਸਕ ਹੈ।

ਫੂਕੋ, ਐਡਵਰਡ ਸੈਦ, ਗਾਇਤਰੀ ਚੱਕਰਵਰਤੀ ਸਪੀਵਕ ਅਤੇ ਪੀਅਰ ਬੋਰਦੋ ਦੇ ਅਧਿਐਨ, ਗਿਆਨ-ਹਿੰਸਾ ਦੀ ਗੱਲ ਕਰਦੇ ਹਨ ਜੋ ਯੋਜਨਾਬੱਧ ਤਰੀਕੇ ਨਾਲ ਅਧੀਨ ਲੋਕਾਂ ਨੂੰ ਹਾਸ਼ੀਆਗਤ ਜਾਂ ਖਤਮ ਕਰਦੀ ਹੈ ਅਤੇ ਉਨ੍ਹਾਂ ਦੇ ਆਪਣੇ ਗਿਆਨ ਪ੍ਰਬੰਧ ਦੀ ਥਾਂ ਬਦਲਵੇਂ ਗਿਆਨ ਪ੍ਰਬੰਧ ਦਿੰਦੀ ਹੈ। ਇਨ੍ਹਾਂ ਹੀ ਵਿਦਵਾਨਾਂ ਨੇ ਸਥਾਪਿਤ ਕੀਤਾ ਕਿ ਆਧੁਨਿਕਤਾ ਵਿਚ ਹਿੰਸਾ, ਦੇਹੀ ਤਸ਼ੱਦਦ ਤੋਂ ਸੂਖ਼ਮਤਾ ਵੱਲ ਪਰਵਾਜ਼ ਕਰਦੀ ਹੋਈ ਵਿਗਿਆਨ, ਕਾਨੂੰਨ, ਗਿਆਨ ਸੰਸਥਾਵਾਂ ਅਤੇ ਸੰਚਾਰ ਸਾਧਨਾਂ ਰਾਹੀਂ ਨਾ ਕੇਵਲ ਮਨੁੱਖੀ ਸ਼ਖਸੀਅਤ ਨੂੰ ਅਧੀਨ ਕਰਦੀ ਹੈ ਬਲਕਿ ਗਿਆਨ ਪ੍ਰਬੰਧਾਂ ਦੀ ਪ੍ਰਭੂਤਾ ਦੇ ਬਲਬੂਤੇ ਮਨੁੱਖ ਦੇ ਸੱਚ ਨਾਲ ਰਿਸ਼ਤੇ ਨੂੰ ਵੀ ਨਿਰਧਾਰਿਤ ਕਰਦੀ ਹੈ। ਇੱਥੇ ਹੀ ਬਸ ਨਹੀਂ ਗਿਆਨ ਢਾਂਚਿਆਂ ਦੀ ਬਾਲਾਦਸਤੀ ਨਾਲ ਸੱਚ, ਘੜੇ ਅਤੇ ਧੜੱਲੇ ਨਾਲ ਪ੍ਰਚੱਲਤ ਵੀ ਕੀਤੇ ਜਾਂਦੇ ਹਨ। ਗਿਆਨ ਢਾਂਚਿਆਂ ਦਾ ਇਹੀ ਧੜੱਲਾ ਕੌਮਾਂ ਅਤੇ ਕੌਮੀਅਤਾਂ ਦੀ ਪਛਾਣ ਘੜਨ ਵਾਲਾ ਅਤੇ ਰਾਜਨੀਤਿਕ ਮਾਨਤਾ ਦੇਣ ਵਾਲਾ ਜਾਂ ਰੱਦ ਕਰਨ ਦਾ ਅਧਿਕਾਰੀ ਵੀ ਬਣ ਜਾਂਦਾ ਹੈ। ''ਹਰ ਉਤੇਜਨਾ ਰਾਜ ਕਰਨ ਦੀ ਹਵਸ ਨਾਲ ਜੁੜੀ ਹੋਈ ਹੈ ਇਸ ਲਈ ਸੰਸਥਾਵਾਂ ਵੀ ਇਸੇ ਹਵਸ ਵਿੱਚੋਂ ਜਨਮ ਲੈਂਦੀਆਂ ਹਨ ਇੱਥੋਂ ਇਹ ਨਤੀਜਾ ਕੱਢਣਾ ਔਖਾ ਨਹੀਂ। ਨੀਟਸ਼ੇ ਅਨੁਸਾਰ ਸੱਚ, ਚੇਤਨਾ, ਇੱਛਾ, ਨਿਆਇ, ਆਤਮਾ ਵੀ ਗਲਪ ਕਲਪਨਾਵਾਂ ਹਨ ਜੋ ਸੱਤਾਧਾਰੀ ਵਰਗ ਆਪਣੇ ਹਿੱਤਾਂ ਅਨੁਸਾਰ ਉਸਾਰ ਲੈਂਦੇ ਹਨ''।[4] ਇਸ ਵਿਸ਼ਲੇਸ਼ਣ ਨਾਲ ਅਸੀਂ ਇਸ ਦਿਸ਼ਾ ਵੱਲ ਅੱਗੇ ਵੱਧ ਰਹੇ ਹਾਂ ਕਿ ਆਧੁਨਿਕਤਾ ਅਤੇ ਗਿਆਨ ਹਮੇਸ਼ਾ ਪੂਜਣ ਯੋਗ ਵਰਤਾਰੇ ਨਹੀਂ ਹਨ ਇਹਨਾਂ ਦੀ ਡੂੰਘੀ ਸੰਰਚਨਾ ਵਿਚ ਹਿੰਸਾ ਅਤੇ ਦਮਨ-ਯੋਜਨਾ ਹਰ ਸਮੇਂ ਕਾਰਜਸ਼ੀਲ ਰਹਿੰਦੀ ਹੈ। ਭਾਵੇਂ ਕਿ ਆਧੁਨਿਕਤਾ ਨੂੰ ਤਰਕ ਗਿਆਨ ਅਤੇ ਨਵੀਂ ਰੌਸ਼ਨੀ ਦੇ ਅਰਥਾਂ ਅਤੇ ਮਾਨਵੀ ਆਜ਼ਾਦੀ ਦੇ ਅਰਥਾਂ ਵਿਚ ਪ੍ਰਚਾਰਿਆ ਜਾਂਦਾ ਹੈ ਜਿਸ ਨਾਲ ਮਨੁੱਖ ਨੂੰ ਅਗਿਆਨ ਅਤੇ ਅੰਧ ਵਿਸ਼ਵਾਸਾਂ ਤੋਂ ਮੁਕਤੀ ਮਿਲੀ ਪਰ ਜੇਕਰ ਗਿਆਨ ਆਪ ਹੀ ਹਿੰਸਾ ਦਾ ਇਕ ਰੂਪ ਬਣ ਜਾਵੇ ਤਾਂ ਫਿਰ ਗਿਆਨ ਦੇ ਮੁਤਲਾਸ਼ੀ ਮਨੁੱਖ ਦਾ ਭਲਾ ਸੰਭਵ ਨਹੀਂ।

**ਗਿਆਨ-ਹਿੰਸਾ ਦੀ ਕਾਰਜ-ਯੋਜਨਾ**: ਆਖਿਰ ਇਹ ਗਿਆਨ ਹਿੰਸਾ ਕੰਮ ਕਿਵੇਂ ਕਰਦੀ ਹੈ? ਜਦੋਂ ਅਸੀਂ ਇਸ ਪ੍ਰਸ਼ਨ ਦੇ ਸਾਹਮਣੇ ਹੁੰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਗਿਆਨ-ਢਾਂਚੇ ਅਸਲ ਵਿਚ ਪ੍ਰਭੂਤਾ ਸਥਾਪਿਤ ਕਰਨ ਦੇ ਸਾਧਨ ਹਨ ਜਿਨ੍ਹਾਂ ਨਾਲ  ਕੁਝ ਵਿਸ਼ੇਸ਼ ਸਮੂਹਾਂ ਨੂੰ ਇਸ ਤਰ੍ਹਾਂ ਦੁਰਪ੍ਰਭਾਸ਼ਿਤ ਕੀਤਾ ਜਾਂਦਾ ਹੈ ਕਿ ਉਹ ਗਿਆਨ-ਸੱਤਾ ਦੀਆਂ ਵਲਗਣਾਂ ਵਿਚ ਆਪਣੀ ਹੋਂਦ ਹੀ ਗਵਾ ਬੈਠਦੇ ਹਨ। ਬਸਤੀਵਾਦ ਦੌਰਾਨ ਪਹਿਲੀ ਪੱਧਰ 'ਤੇ ਸਥਾਨਕ ਗਿਆਨ ਪ੍ਰਬੰਧਾਂ ਨੂੰ ਮੂਲੋਂ ਹੀ ਰੱਦ ਕਰ ਦਿੱਤਾ ਗਿਆ ਅਤੇ ਨਵੀਂ ਰੌਸ਼ਨੀ (ਇਨਲਾਈਟਨਮੈਂਟ ਮੂਵਮੈਂਟ) ਦੇ ਚਾਅ ਵਿਚ ਸਥਾਨਕ ਲੋਕਾਂ ਨੇ ਖੁਦ ਆਪਣੇ ਪਰੰਪਰਾਗਤ ਗਿਆਨ ਪ੍ਰਬੰਧ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ। ਦੂਜੀ ਪੱਧਰ ਤੇ ਸਥਾਨਕ ਲੋਕਾਂ ਦਾ ਇਤਿਹਾਸ ਬਸਤਾਨਾ ਵਿਦਵਾਨਾਂ ਵੱਲੋਂ ਲਿਖਿਆ ਗਿਆ ਇਤਿਹਾਸ ਲਿਖਣ ਦੀ ਇਸ ਪ੍ਰਕਿਰਿਆ ਦੇ ਵਜੂਦ ਵਿਚ ਇਤਿਹਾਸਕਾਰੀ ਦਾ ਇਕ ਸਿਧਾਂਤ ਕਾਰਜਸ਼ੀਲ ਸੀ ਜੋ ਸਥਾਨਕ ਗਿਆਨ ਸ਼ਾਸਤਰ ਨੂੰ ਪੁਰਾਤਨ ਅਤੇ ਬੋਸੀਦਾ ਸਾਬਤ ਕਰਦਿਆਂ ਵਿਗਿਆਨਿਕ ਇਤਿਹਾਸਕਾਰੀ ਦਾ ਤਰਕ ਉਭਾਰਦਾ ਸੀ। ਤੀਜੀ ਪਰਤ ਵਜੋਂ ਸਥਾਨਕ ਬੋਲੀਆਂ ਉਪਰ ਹਮਲਾ ਕੀਤਾ ਗਿਆ ਅਤੇ ਪੱਛਮੀ ਬੋਲੀ ਭਾਵ ਅੰਗਰੇਜ਼ੀ ਦੀ ਪ੍ਰਭੂਤਾ ਸਥਾਪਿਤ ਕੀਤੀ ਗਈ। ਗੋਰੀ ਨਸਲ ਨੂੰ ਵਿਗਿਆਨਿਕ ਤਰੀਕੇ ਨਾਲ ਭੂਰੇ ਅਤੇ ਕਾਲੇ ਲੋਕਾਂ ਤੋਂ ਵਧੇਰੇ ਸਮਰੱਥਾਵਾਨ ਸਾਬਤ ਕੀਤਾ ਗਿਆ ਜਿਸ ਨੂੰ ਵਿਗਿਆਨਕ-ਨਸਲਵਾਦ ਕਹਿਣਾ ਵਧੇਰੇ ਵਾਜਿਬ ਹੈ। ਭਾਰਤੀ ਉਪ ਮਹਾਂਦੀਪ ਵਿਚ ਬ੍ਰਾਹਮਣ ਦੁਆਰਾ ਸਭ ਤੋਂ ਪਹਿਲਾਂ ਇਸ ਕਿਸਮ ਦੀ ਗਿਆਨ ਹਿੰਸਾ-ਕੀਤੀ ਗਈ ਸੀ । ਗਿਆਨ ਹਿੰਸਾ ਦੀ ਕਾਰਜਸ਼ੀਲਤਾ ਦੇ ਰੂਪ ਅਤੇ ਪੱਧਰ ਤਾਂ ਹੋਰ ਵੀ ਹਨ ਪਰੰਤੂ ਇਸ ਚਰਚਾ ਨੂੰ ਸੰਕੋਚਦਿਆਂ ਅਖੀਰ ਵਿਚ ਅਕਾਦਮਿਕ ਮਾਪਦੰਡ ਨੂੰ


**www.sanvad.org**
ISSN : 2395-1273

ਗਿਆਨ ਹਿੰਸਾ ਦੇ ਇਕ ਕਾਰਗਰ ਸੰਦ ਵਜੋਂ ਵਿਚਾਰਿਆ ਜਾ ਸਕਦਾ ਹੈ। ਪੱਛਮੀ ਯੂਨੀਵਰਸਿਟੀਆਂ ਵਿਚ ਪ੍ਰਚਲਿਤ ਅਕਾਦਮਿਕ ਮਾਪਦੰਡਾਂ ਨੂੰ ਸਥਾਨਕ ਗਿਆਨ ਰਾਹੀਂ ਲੱਭੇ ਗਏ ਸੱਚ ਨੂੰ ਰੱਦ ਕਰਨ ਦਾ ਸੰਦ ਬਣਾਇਆ ਗਿਆ। ਇਸ ਤਰ੍ਹਾਂ ਹਿੰਸਾ ਸਿੱਧੇ ਸਰੀਰਕ ਤਸ਼ੱਦਦ ਤੋਂ ਪ੍ਰਸਾਰ ਕਰਦੀ ਹੋਈ ਸੰਸਥਾਗਤ ਹੋ ਜਾਂਦੀ ਹੈ ਅਤੇ ਗਿਆਨ ਸੰਸਥਾਵਾਂ ਰਾਹੀਂ ਆਪਣਾ ਕਾਰਜ ਕਰਦੀ ਹੈ। ਇੱਥੇ ਵੀ ਫੂਕੋ ਦਾ ਸੱਤਾ ਅਤੇ ਗਿਆਨ ਸਬੰਧੀ ਕੀਤਾ ਗਿਆ ਵਿਸ਼ਲੇਸ਼ਣ ਸਾਡੀ ਬਹੁਤ ਸਹਾਇਤਾ ਕਰਦਾ ਹੈ ਜਿਸ ਵਿਚ ਉਹ ਸਾਬਤ ਕਰਦਾ ਹੈ ਕਿ ਗਿਆਨ ਕਦੇ ਵੀ ਬੇਲਾਗ ਨਹੀਂ ਹੁੰਦਾ ਭਾਵ ਕਿ ਸੱਚ, ਸੱਤਾ ਧਿਰਾਂ ਨਾਲ ਸਬੰਧਿਤ ਹੁੰਦੇ ਹਨ ਜਿਸ ਸੱਤਾ ਧਿਰ ਜਾਂ ਰਜੀਮ ਕੋਲ ਗਿਆਨ ਦੇ ਢਾਂਚਿਆਂ ਦਾ ਪ੍ਰਬੰਧ ਹੈ, ਸੱਚ, ਉਸ ਦੇ ਮੁਤਾਬਕ ਹੀ ਵਿਆਖਿਆ ਦਿੰਦੇ ਹਨ । ਸਕੂਲ, ਜੇਲ੍ਹਾਂ, ਹਸਪਤਾਲ ਆਦਿ ਸੰਸਥਾਵਾਂ ਅਜਿਹੇ ਸੱਚ ਦਾ ਉਤਪਾਦਨ ਕਰਦੀਆਂ ਹਨ ਜੋ ਮਨੁੱਖੀ ਵਿਹਾਰ ਨੂੰ ਨਿਯੰਤਰਿਤ ਕਰਨ ਦੇ ਕੰਮ ਆਉਂਦਾ ਹੈ।

**ਹਿੰਸਾ ਦੇ ਢਾਂਚੇ**: ਅਜੋਕੇ ਦੌਰ ਦੀ ਹਿੰਸਾ ਦੇ ਪ੍ਰਮੁੱਖ ਤਿੰਨ ਢਾਂਚੇ ਬਣ ਚੁੱਕੇ ਹਨ। ਪਹਿਲਾ ਹੈ ਦੇਹ ਗਤ ਜਾਂ ਸਿੱਧੀ ਹਿੰਸਾ। ਇਸ ਸਿੱਧੀ ਹਿੰਸਾ ਦਾ ਇਕ ਰੂਪ ਜੰਗਾਂ ਹਨ, ਜੰਗ ਜੋ ਕਿ ਇਹਨੀਂ ਦਿਨੀਂ ਰੂਸ ਅਤੇ ਯੂਕਰੇਨ, ਇਜ਼ਰਾਇਲ ਅਤੇ ਸੀਰੀਆ, ਇਜ਼ਰਾਇਲ ਅਤੇ ਫ਼ਲਸਤੀਨ ਦਰਮਿਆਨ ਚੱਲ ਰਹੀ ਹੈ। ਇਸ ਦਾ ਦੂਜਾ ਰੂਪ ਗੁਰੀਲਾ ਖਾੜਕੂਆਂ ਦੇ ਹਥਿਆਰਬੰਦ ਸੰਘਰਸ਼ ਹਨ । ਸਿੱਖ ਗੁਰੀਲਿਆਂ ਨੇ 1978 ਤੋਂ 1992 ਤੱਕ ਦਿੱਲੀ ਤਖ਼ਤ ਨਾਲ ਹਥਿਆਰਬੰਦ ਸੰਘਰਸ਼ ਲੜਿਆ। ਇੰਡੀਅਨ ਇੰਸਟੀਚਿਊਟ ਆਫ ਐਡਵਾਂਸ ਸਟੱਡੀ, ਸਮਿਲਾ ਵੱਲੋਂ ਛਾਪੀ ਗਈ ਪੁਸਤਕ 'ਵਾਇਲੈਂਸ ਐਜ਼ ਪੋਲੀਟੀਕਲ ਡਿਸਕੋਰਸ' ਵਿਚ ਸਿੱਖ ਗੁਰਿਲਿਆਂ ਵੱਲੋਂ ਕੀਤੀ ਗਈ ਹਿੰਸਾ ਨੂੰ ਇਕ ਰਾਜਨੀਤਕ ਪ੍ਰਵਚਨ ਵਜੋਂ ਪ੍ਰਭਾਸ਼ਿਤ ਅਤੇ ਪਰਵਾਨਿਤ ਕੀਤਾ ਗਿਆ।[5] 1991-92 ਦੌਰਾਨ ਭਾਰੀ ਰਾਜ ਹਿੰਸਾ ਨਾਲ ਇਸ ਰਾਜਨੀਤਕ ਪ੍ਰਵਚਨ ਭਾਵ ਖਾੜਕੂ ਹਥਿਆਰਬੰਦ ਸੰਘਰਸ਼ ਨੂੰ ਖਤਮ ਕਰ ਦਿੱਤਾ ਗਿਆ। ਭਾਰਤ ਵਿਚ ਇਸ ਸਮੇਂ ਛੱਤੀਸਗੜ੍ਹ ਵਿਚ ਮਾਓਵਾਦੀ ਗੁਰੀਲੇ ਅਤੇ ਕਸ਼ਮੀਰੀ ਗੁਰੀਲੇ ਸਿੱਧੇ ਹਥਿਆਰਬੰਦ ਸੰਘਰਸ਼ ਵਿਚ ਹਨ। ਸਿੱਧੀ ਹਿੰਸਾ ਦਾ ਤੀਜਾ ਰੂਪ ਗੈਂਗਸਟਰ ਅਤੇ ਪੁਲਿਸ ਵੱਲੋਂ ਆਮ ਲੋਕਾਂ ਉੱਪਰ ਕੀਤਾ ਜਾਣ ਵਾਲਾ ਤਸ਼ੱਦਦ ਬਣਦਾ ਹੈ, ਪੰਜਾਬ ਇਸਦੀ ਸਿੱਧੀ ਮਾਰ ਝੱਲ ਰਿਹਾ ਹੈ।

ਹਿੰਸਾ ਦਾ ਦੂਜਾ ਢਾਂਚਾ ਭੂਰਾਜਨੀਤੀ (ਜੀਓ ਪੌਲੀਟਿਕਸ) ਅਤੇ ਸੰਸਾਰ ਦਾ ਆਰਥਿਕ ਪ੍ਰਬੰਧ ਹੈ। ਦੂਸਰੀ ਆਲਮੀ ਜੰਗ ਤੋਂ ਬਾਅਦ ਅਮਰੀਕੀ ਸਰਦਾਰੀ ਕਾਇਮ ਕਰਨ ਲਈ ਮੌਜੂਦਾ ਆਰਥਿਕ ਪ੍ਰਬੰਧ ਸਿਰਜਿਆ ਗਿਆ ਜਿਸ ਵਿਚ ਡਾਲਰ ਨੂੰ ਅੰਤਰਰਾਸ਼ਟਰੀ ਕਰੰਸੀ ਮੰਨਿਆ ਗਿਆ ਅਤੇ ਇਸ ਦੇ ਇਵਜ਼ ਵਿਚ ਅਮਰੀਕਾ ਵੱਲੋਂ ਸਮੁੱਚੀ ਦੁਨੀਆਂ ਦੇ ਸਮੁੰਦਰੀ ਪਾਣੀਆਂ ਵਿਚ ਵਪਾਰ ਦੀ ਰਾਖੀ ਕੀਤੀ ਜਾਂਦੀ ਹੈ। ਇਸ ਆਰਥਿਕ ਪ੍ਰਬੰਧ ਨੂੰ ਇਸ ਤਰ੍ਹਾਂ ਉਲੀਕਿਆ ਜਾਂ ਡਿਜ਼ਾਇਨ ਕੀਤਾ ਗਿਆ ਹੈ ਕਿ ਇਸ ਵਿੱਚੋਂ ਬਹੁਤ ਹੀ ਘੱਟ ਗਿਣਤੀ ਲੋਕਾਂ ਦੀ ਅਮੀਰੀ ਅਤੇ ਬਹੁਤ ਵੱਡੀ ਗਿਣਤੀ ਵਿਚ ਲੋਕਾਂ ਦੀ ਗਰੀਬੀ ਪੈਦਾ ਹੁੰਦੀ ਹੈ। ਆਲਮੀ ਆਰਥਿਕ ਪ੍ਰਬੰਧ ਏਸ਼ੀਆ ਤੇ ਅਫਰੀਕਾ ਦੇ ਕੁਦਰਤੀ ਸੋਮਿਆਂ ਨੂੰ ਨਿਚੋੜ ਕੇ ਅਮਰੀਕਾ ਅਤੇ ਯੂਰਪੀ ਸ਼ਕਤੀਆਂ ਦੇ ਘਰ ਭਰਨ ਲਈ ਡਿਜ਼ਾਇਨ ਕੀਤਾ ਗਿਆ ਹੈ। ਆਲਮੀ ਤਿਜਾਰਤ ਵੀ ਨਿਆਂ ਉੱਪਰ ਨਹੀਂ ਖੜ੍ਹੀ ਇਹ ਅਸੰਤੁਲਿਤ, ਇਕ ਪਾਸੜ ਅਤੇ ਲੋਟੂ, ਵਪਾਰ ਪ੍ਰਬੰਧ ਹੈ। ਅਮਰੀਕਾ ਤੇ ਯੂਰਪੀ ਸ਼ਕਤੀਆਂ ਆਰਥਿਕ ਪਾਬੰਦੀਆਂ ਦੇ ਦਾਬੇ ਨਾਲ ਦੂਜੇ ਮੁਲਕਾਂ ਨੂੰ ਆਪਣੀ ਇੱਛਾ ਮੁਤਾਬਕ ਚੱਲਣ ਲਈ ਮਜਬੂਰ ਕਰਦੀਆਂ ਰਹਿੰਦੀਆਂ ਹਨ। ਇਸ ਤਰ੍ਹਾਂ ਇਹ ਹਿੰਸਾ ਦਾ ਇਕ ਅਣਦਿਸਦਾ ਅਤੇ ਸੂਖਮ ਰੂਪ ਬਣ ਜਾਂਦੀ ਹੈ।

ਹਿੰਸਾ ਦਾ ਤੀਜਾ ਢਾਂਚਾ ਸੰਚਾਰ ਇਨਕਲਾਬ ਜਾਂ ਕੰਪਿਊਟਰ ਦੇ ਖੇਤਰ ਵਿਚ ਹੋਈ ਤਰੱਕੀ ਨਾਲ ਸਿਰਜਿਆ ਗਿਆ ਹੈ। ਇਸ ਨੂੰ ਡਿਜੀਟਲ ਹਿੰਸਾ ਵੀ ਕਿਹਾ ਜਾ ਸਕਦਾ ਹੈ। ਡਿਜੀਟਲ ਹਿੰਸਾ ਵਜੋਂ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਮਖਲੂਕ ਨੂੰ ਵੱਡੀਆਂ ਰਾਜਨੀਤਕ ਸ਼ਕਤੀਆਂ ਦੀ ਨਿਗਰਾਨੀ ਹੇਠ ਰੱਖਿਆ ਜਾ ਰਿਹਾ ਹੈ। ਮੌਜੂਦਾ ਕੰਪਿਊਟਰ ਯੁਗ ਵਿਚ ਡਾਟਾ ਸਮੱਗਰੀ ਨੂੰ ਨਵਾਂ ਤੇਲ ਵੀ ਕਿਹਾ ਜਾਂਦਾ ਹੈ। ਡਾਟਾ ਸਮੱਗਰੀ ਤੇਲ ਵਾਂਗ ਹੀ ਮੁੱਲ ਵਿਕਦੀ ਹੈ। ਇਹ ਡਾਟਾ ਸਮੱਗਰੀ ਡਿਜੀਟਲ ਸੰਚਾਰ ਸਾਧਨਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੁਆਰਾ ਸਿਰਜੀ ਜਾਂਦੀ ਹੈ। ਲੋਕ ਮਨੋਰੰਜਨ ਖਰੀਦਾਰੀ ਜਾਂ ਕਿਸੇ ਵੀ ਹੋਰ ਕਾਰਨ ਕਰਕੇ ਜਦੋਂ ਡਿਜੀਟਲ ਸਾਧਨਾਂ ਦੀ ਵਰਤੋਂ ਕਰਦੇ ਹਨ ਤਾਂ ਉਹ ਉੱਥੇ ਆਪਣੀ ਇੱਛਾ, ਚੋਣ, ਪਸੰਦ, ਨਾ-ਪਸੰਦ ਆਦਿ ਸਬੰਧੀ ਇੰਦਰਾਜ ਦਰਜ਼ ਕਰਦੇ ਹਨ ਜਿਸ ਨੂੰ ਟੈਕ ਕੰਪਨੀਆਂ ਡਾਟਾ ਸਮੱਗਰੀ ਵਜੋਂ ਵੇਚ ਦਿੰਦੀਆਂ ਹਨ। ਗੂਗਲ ਵਰਗੀਆਂ ਵੱਡੀਆਂ ਟੈਕ ਕੰਪਨੀਆਂ ਨੇ ਬਹੁਤ ਵੱਡੇ ਵੱਡੇ ਡਾਟਾ ਸੈਂਟਰ ਬਣਾਏ ਹਨ ਜਿੱਥੇ ਦੁਨੀਆ ਭਰ ਦਾ ਡਾਟਾ ਜਮ੍ਹਾਂ ਕੀਤਾ ਜਾਂਦਾ ਹੈ ਇਸ ਨੂੰ ਡਾਟਾ ਬਸਤੀਵਾਦ ਵੀ ਕਿਹਾ ਜਾ ਰਿਹਾ ਹੈ। ਇਸੇ ਡਿਜੀਟਲ ਹਿੰਸਾ ਦਾ ਅਗਲਾ ਰੂਪ ਹੈ ਐਲਗੋਰਿਦਮ ਨਿਯੰਤਰਣ। ਐਲਗੋਰਿਦਮ ਨਿਯੰਤਰਣ ਇਕ ਅਜਿਹੀ ਸਮਰੱਥਾ ਹੈ ਜਿਸ ਨਾਲ ਡਿਜੀਟਲ ਸੱਤਾ ਦੇ ਸੁਆਮੀ ਫੈਸਲਾ ਕਰਦੇ ਹਨ ਕਿ ਲੋਕਾਂ ਨੂੰ ਕੀ ਦਿਖੇਗਾ। ਇਸ ਨਾਲ ਸੋਸ਼ਲ ਮੀਡੀਆ ਉੱਪਰ ਚੱਲਣ ਵਾਲੇ ਸਨੇਹਿਆਂ ਨੂੰ ਨਿਯੰਤਰਿਤ ਕਰਕੇ

ਬਹੁਤ ਵੱਡੀ ਗਿਣਤੀ ਵਿਚ ਲੋਕਾਂ ਤੱਕ ਪਹੁੰਚਾਇਆ ਵੀ ਜਾ ਸਕਦਾ ਹੈ ਅਤੇ ਰੋਕਿਆ ਵੀ ਜਾ ਸਕਦਾ ਹੈ। ਇਸੇ ਨੂੰ ਮੀਡੀਆ ਨਿਯੰਤਰਣ ਕਹਿੰਦੇ ਹਨ ਮੀਡੀਆ ਨਿਯੰਤਰਣ ਨੂੰ ਨੌਮ ਚੌਮਸਕੀ 'ਸਹਿਮਤੀ ਉਤਪਾਦਨ' ਆਖਦਾ ਹੈ। ਸੋਸ਼ਲ ਮੀਡੀਆ ਪਿੱਛੇ ਕੰਮ ਕਰਦੇ ਐਲਗੋਰਿਦਮ ਨਿਯੰਤਰਣ ਰਾਹੀਂ ਹਕੀਕਤ ਨਾਲ ਮਨੁੱਖ ਦੇ ਰਿਸ਼ਤੇ ਅਤੇ ਸੂਚਨਾ ਰਾਹੀਂ ਉਸ ਦੇ ਵਿਹਾਰ ਨੂੰ ਨਿਯੰਤਰਿਤ ਕੀਤਾ ਜਾ ਸਕਦਾ ਹੈ। ਖੁਫੀਆ ਸ਼ਕਤੀਆਂ (ਅਮਰੀਕਾ, ਇਜ਼ਰਾਇਲ) ਵੱਲੋਂ ਮੀਡੀਆ ਨਿਯੰਤਰ ਰਾਹੀਂ ਨਵੀਂ ਪੀੜੀ ਜੈਨ ਜ਼ੀ ਰਾਹੀਂ ਕਈ ਮੁਲਕਾਂ ਵਿਚ ਤਖਤ ਪਲਟੇ ਅਤੇ ਹਿੰਸਾ ਕਰਵਾਉਣਾ ਇਸ ਦੀ ਸਪਸ਼ਟ ਉਦਾਹਰਣ ਹੈ।

ਉਪਰੋਕਤ ਵਿਸ਼ਲੇਸ਼ਣ ਪਰਥਾਏ ਐਡਵਰਡ ਸੈਦ ਦੀ ਕਿਤਾਬ ਓਰੀਐਂਟਲਿਜਮ : ਵੈਸਟਰਨ ਕਨਸੈਪਸ਼ਨ ਆਫ ਦਾ ਓਰੀਐਂਟ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਇਸ ਵਿਚ ਪੇਸ਼ ਤਰਕ ਦੇ ਅਨੁਸਾਰ ਓਰੀਐਂਟ ਭਾਵ ਏਸ਼ੀਆ, ਮੱਧ-ਪੂਰਬ ਅਤੇ ਅਫਰੀਕਾ ਨੂੰ ਪੱਛਮੀ ਵਿਦਵਾਨਾਂ ਦੁਆਰਾ ਕੇਵਲ ਅਧਿਐਨ ਹੀ ਨਹੀਂ ਕੀਤਾ ਗਿਆ ਬਲਕਿ ਇਹਨਾਂ ਸਬੰਧੀ ਸੰਕਲਪਨਾਵਾਂ ਦੀ ਉਸਾਰੀ ਕੀਤੀ ਗਈ ਹੈ ਜਿਸ ਉਸਾਰੀ ਵਿਚ ਬਸਤਾਨਾ ਹਕੂਮਤਾਂ ਦੀ ਹਾਕਮੀਅਤ ਨੂੰ ਵਾਜਬ ਕਰਾਰ ਦਿੱਤਾ ਗਿਆ ਹੈ। ਉਸ ਦਾ ਵਿਸ਼ਲੇਸ਼ਣ ਹੈ ਕਿ ਪੱਛਮੀ ਵਿਦਵਾਨਾਂ ਨੇ ਸਾਜਿਸ਼ੀ ਤਰੀਕੇ ਨਾਲ ਪੂਰਬ ਨੂੰ ਤਰਕਹਣ, ਕਾਮੀ, ਪਿਛੜਿਆ ਅਤੇ ਤਾਨਾਸ਼ਾਹ ਸਾਬਤ ਕੀਤਾ ਅਤੇ ਇਸ ਦੇ ਨਾਲ ਹੀ ਪੂਰਬ ਨੂੰ ਤਰਕਸ਼ੀਲ, ਸੱਭਿਆਚਾਰੀ, ਆਧੁਨਿਕ ਅਤੇ ਨੈਤਿਕ ਸਾਬਤ ਕੀਤਾ। ਇਸ ਤਰ੍ਹਾਂ ਪੂਰਬਵਾਦ ਕੇਵਲ ਗਿਆਨ ਸੰਕਲਪ ਨਹੀਂ ਹੈ ਸਗੋਂ ਇਹ ਸੱਤਾ ਅਤੇ ਗਿਆਨ ਦਾ ਇਕ ਪ੍ਰਬੰਧ ਹੈ।

ਇੱਥੇ ਕੀਤੀ ਗਈ ਸਾਰੀ ਚਰਚਾ ਦਾ ਸਾਰ ਤੱਤ ਇਹ ਹੈ ਕਿ ਯੂਰਪ ਕੇਂਦਰਿਤ ਅਤੇ ਅਮਰੀਕਾ ਕੇਂਦਰਿਤ ਪੱਛਮੀ ਸ਼ਕਤੀਆਂ ਵੱਲੋਂ ਸਿਰਜੇ ਗਏ ਆਧੁਨਿਕ (ਪੂੰਜੀਵਾਦੀ) ਸਮਾਜਾਂ ਵਿਚ ਹਿੰਸਾ, ਨਿਗਰਾਨੀ, ਖੌਫ਼ ਅਤੇ ਆਰਥਿਕ ਲੁੱਟ ਪ੍ਰਬਲ ਰੂਪ ਵਿਚ ਹਰ ਘੜੀ ਮੌਜੂਦ ਰਹਿੰਦੀ ਹੈ। ਭਾਵੇਂ ਕਿ ਇਹਨਾਂ ਸ਼ਕਤੀਆਂ ਵੱਲੋਂ ਬਿਰਤਾਂਤਕ ਪੱਧਰ ਉੱਪਰ ਗੋਰੀ ਨਸਲ ਨੂੰ ਉਦਾਤ, ਸੁਲਝੀ ਹੋਈ ਅਤੇ ਵਧੇਰੇ ਸਭਿਅਕ ਦਰਸਾਉਣ ਲਈ ਵੱਡੇ ਯਤਨ ਕੀਤੇ ਗਏ ਪਰ ਇਸ ਸਭ ਕੁਝ ਦੇ ਬਾਵਜੂਦ ਹਕੀਕਤ ਸਭ ਦੇ ਸਾਹਮਣੇ ਪ੍ਰਗਟ ਹੋ ਗਈ ਅਤੇ ਪੱਛਮੀ ਸਮਾਜਾਂ ਵਿਚਲੀ ਹਿੰਸਾ, ਲੁੱਟ ਅਤੇ ਦਬਾਓ ਯੋਜਨਾ ਬਾਰੇ ਪੱਛਮ ਦੀ ਪ੍ਰਤਿਭਾ ਦੁਆਰਾ ਕੀਤਾ ਗਿਆ ਵਿਸ਼ਲੇਸ਼ਣ ਬਿਲਕੁਲ ਵਿਰੋਧੀ ਤੱਥ ਬਿਆਨ ਕਰਦਾ ਹੈ। ਹੁਣੇ ਹੁਣੇ ਜਾਰੀ ਹੋਈਆਂ ਐਪਸਟੀਨ ਫਾਈਲਾਂ ਵਿਚ ਦੁਨੀਆਂ ਦੇ ਵੱਡੇ ਰਾਜਨੀਤਿਕ ਆਗੂਆਂ ਵੱਲੋਂ ਮਸੂਮ ਬੱਚੇ ਬੱਚੀਆਂ ਨਾਲ ਕੀਤੀ ਗਈ ਦਰਿੰਦਗੀ ਨੇ ਦੁਨੀਆ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਵ ਕਿ ਆਧੁਨਿਕ, ਉੱਤਰ-ਆਧੁਨਿਕ, ਪੱਛਮੀ, ਯੂਰਪੀ ਜਾਂ ਅਮਰੀਕੀ ਲਕਬ ਦਾ ਧਾਰਨੀ ਹੋਣਾ ਕਿਸੇ ਨੂੰ ਉੱਤਮ, ਉਦਾਤ ਅਤੇ ਸੱਭਿਅਕ ਨਹੀਂ ਬਣਾ ਦਿੰਦਾ। ਇਹ ਸਾਰੇ ਸੰਕਲਪ ਪੱਛਮੀ ਸੱਤਾ ਸਥਾਪਤੀ ਦੇ ਸੰਦ ਹਨ।

2.

**ਗੁਰੂ ਨਾਨਕ ਸੱਚ**: ਗੁਰੂ ਨਾਨਕ ਸੱਚ ਨੂੰ ਜਾਣਨ ਦੀ ਅਭਿਲਾਸ਼ਾ ਰੱਖਣ ਵਾਲੀ ਪ੍ਰਤਿਭਾ ਦਾ ਅਧਿਆਤਮਕ ਅਤੇ ਇਤਿਹਾਸਿਕ ਤਰਕ ਦੀ ਸਹੀ ਰੌਸ਼ਨੀ ਨਾਲ ਸਰਾਬੋਰ ਹੋਣਾ ਲਾਜ਼ਮੀ ਹੈ, ਨਹੀਂ ਤਾਂ ਗੁਰੂ ਨਾਨਕ-ਸੱਚ, ਮਨੁੱਖੀ ਬੁੱਧੀ ਦੀ ਪਕੜ ਵਿਚ ਨਹੀਂ ਆਉਂਦਾ। ਗੁਰੂ ਨਾਨਕ ਸੱਚ, ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ਦੇ ਮੁਕੰਮਲ ਸਰੂਪ ਵਿੱਚੋਂ ਪ੍ਰਗਟ ਹੁੰਦਾ ਹੈ। ਸਿੱਖ ਅਹਿਸਾਸ ਨਾਲ ਨੇੜਤਾ ਰੱਖਣ ਵਾਲੀ ਪ੍ਰਤਿਭਾ ਨੂੰ ਪਤਾ ਹੁੰਦਾ ਹੈ ਕਿ ਸਿੱਖ ਸੁਰਤ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਦਸ ਗੁਰੂਆਂ ਨੂੰ ਗੁਰੂ ਨਾਨਕ ਜੋਤ ਦੀ ਲਗਾਤਾਰਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਦਸ ਗੁਰੂਆਂ ਦੀ ਜੋਤ ਮੰਨਦੀ ਹੈ। ਇਸ ਲਈ ਸਮੁੱਚਾ ਗੁਰ-ਇਤਿਹਾਸ, ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗੁਰੂ ਨਾਨਕ ਸੱਚ ਦੀਆਂ ਅਨੇਕ ਪਰਤਾਂ ਸਾਡੇ ਸਾਹਮਣੇ ਖੋਲ੍ਹਦੇ ਹਨ। "ਵਿਸ਼ਵ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਨਵੀਂ ਤਕਨੀਕ ਵਿਗਿਆਨ ਅਤੇ ਚਿੰਤਨ ਨੇ ਸਾਡੇ ਸੰਗਠਨ ਰਿਸ਼ਤੇ ਨਾਤਿਆਂ ਚਰਿੱਤਰ ਅਤੇ ਮੰਤਵਾਂ ਵਿਚ ਹੀ ਕ੍ਰਾਂਤੀਕਾਰੀ ਰਦੋ-ਬਦਲ ਨਹੀਂ ਕੀਤੀ ਸਗੋਂ ਸਾਡੇ ਸਾਹਿਤ ਅਤੇ ਕਲਾਵਾਂ ਨੂੰ ਵੀ ਨਵੇਂ ਚਿਹਰੇ ਮੋਹਰੇ ਦਿੱਤੇ ਹਨ। ਜੇ ਸਾਡੀਆਂ ਸਾਹਿਤਕ ਅਤੇ ਕਲਾ ਕ੍ਰਿਤਾਂ ਨੇ ਨਵੇਂ ਪ੍ਰਸੰਗਾਂ ਵਿਚ ਜਿਉਣਾ ਹੈ ਤਾਂ ਇਹਨਾਂ ਦੀ ਸਾਰਥਕਤਾ ਹੋ ਰਹੀਆਂ ਤਬਦੀਲੀਆਂ ਨੂੰ ਮੁੱਖ ਰੱਖ ਕੇ ਲੱਭਣੀ ਪਵੇਗੀ। ਮਹਾਨ ਕਿਰਤਾਂ ਦੀ ਪਛਾਣ ਇਹੀ ਹੁੰਦੀ ਹੈ ਕਿ ਉਹ ਹਰ ਪ੍ਰਸੰਗ ਲਈ ਕੋਈ ਸੁਨੇਹਾ ਕੋਈ ਦਿਲਚਸਪੀ ਦੇਣ ਦੇ ਸਮਰੱਥ ਹੁੰਦੀਆਂ ਹਨ"।[6] ਗੁਰੂ ਨਾਨਕ ਸੱਚ ਅਜੋਕੇ ਸਮੇਂ ਹਿੰਸਾ ਅਤੇ ਦਮਨ ਦੇ ਸੰਕਟਾਂ ਦਾ ਹੱਲ ਦੇਣ ਲਈ ਪੂਰੀ ਤਰ੍ਹਾਂ ਸਮਰੱਥ ਹੈ।

ਗੁਰੂ ਨਾਨਕ ਸੱਚ ਨੂੰ ਪਰਿਭਾਸ਼ਿਤ ਕਰਨ ਲਈ ਅਸੀਂ ਭਾਈ ਗੁਰਦਾਸ ਜੀ ਵੱਲੋਂ ਗੁਰੂ ਨਾਨਕ ਸਾਹਿਬ ਨੂੰ 'ਸੂਰਜ' ਅਤੇ 'ਸਿੰਘ' ਦੇ ਪ੍ਰਤੀਕਾਂ ਰਾਹੀਂ ਕੀਤੇ ਗਏ ਸੰਬੋਧਨ ਦਾ ਸਹਾਰਾ ਲੈ ਸਕਦੇ ਹਾਂ

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ।*


**www.sanvad.org**
ISSN : 2395-1273

*ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।* (ਭਾਈ ਗੁਰਦਾਸ ਵਾਰ ਪਹਿਲੀ ਪਉੜੀ ੨੭)

ਭਾਈ ਗੁਰਦਾਸ ਜੀ ਧੁੰਦ ਅਤੇ ਹਨੇਰੇ ਦਾ ਜ਼ਿਕਰ ਕਰ ਰਹੇ ਹਨ ਜੋ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਖ਼ਤਮ ਹੋ ਗਿਆ।" ਕੀ ਭਾਈ ਗੁਰਦਾਸ ਗੁਰੂ ਨਾਨਕ ਦੇਵ ਪੰਥ ਨਿਰਾਲਾ ਦੀ ਉੱਚਤਾ ਦੱਸਣ ਵੇਲੇ ਆਪਣੇ ਸਮੇਂ ਤੱਕ ਪੈਦਾ ਹੋਏ ਮਜ਼ਹਬਾਂ ਅਤੇ ਫਲਸਫਿਆਂ ਤੋਂ ਇਨਕਾਰ ਕਰਦੇ ਹਨ? ਇਹ ਗੱਲ ਨਹੀਂ ਹੈ। ਮਜ਼ਹਬਾਂ ਦੀ ਪਹਿਲੀ ਮੌਲਿਕ ਸੁੱਚਤਾ ਦਾ ਉਹ ਸਤਿਕਾਰ ਕਰਦੇ ਹਨ, ਫ਼ਲਸਫ਼ੇ ਦੀ ਸਾਰਥਿਕਤਾ ਵੀ ਮੰਨਦੇ ਹਨ, ਨੱਸਲਾਂ ਦੇ ਉਤਾਰ/ਚੜ੍ਹਾ ਦੀ ਵੰਨ-ਸਵੰਨਤਾ ਵੀ ਉਹ ਸਵੀਕਾਰ ਕਰਦੇ ਹਨ, ਮਜ਼ਹਬੀ ਅਤੇ ਮਿਥਿਹਾਸਕ ਤਜ਼ਰਬਿਆਂ ਨੂੰ ਉਹਨਾਂ ਨੈਤਿਕਤਾ ਦਾ ਪ੍ਰਮਾਣ, ਦ੍ਰਿਸ਼ਟਾਂਤ ਅਤੇ ਉਦਾਹਰਣ ਵੀ ਬਣਾਇਆ- ਗੱਲ ਕੀ ਉਹਨਾਂ ਪਿਛਲੇ ਜਮਾਨਿਆਂ ਦੀ ਨੂਤਨ ਵੰਨ ਸਵੰਨਤਾ ਨੂੰ ਆਪਣੇ ਦ੍ਰਿਸ਼ਟੀਕੋਣ ਦੀ ਅਮੀਰੀ ਵਿਚ ਸ਼ਾਮਿਲ ਕੀਤਾ । ਉਹ ਸਭ ਮਜ਼ਹਬਾਂ, ਇਲਾਹੀ ਰਮਜ਼ਾਂ, ਕੌਮ ਦੇ ਉੱਚੇ ਸ਼ਕੋਹ ਅਤੇ ਜ਼ਾਤੀ ਖ਼ੂਬਸੂਰਤੀਆਂ ਦੀਆਂ ਗਹਿਰਾਈਆਂ ਤੱਕ ਜਾਂਦੇ ਹਨ ਪਰ ਗਹਿਰਾਈ ਪਿੱਛੋਂ ਹੋਰ ਗਹਿਰਾਈ ਆ ਜਾਂਦੀ ਹੈ। ਉਹ ਮਨੁੱਖ ਦੇ ਇਕੱਲੇ ਅਤੇ ਜਾਤੀ ਸਵਾਦਾਂ ਤੋਂ ਸ਼ੁਰੂ ਹੋ ਕੇ ਬੁੱਤ ਸ਼ਿਕਨ ਤੱਕ ਦੇ ਰਾਜ ਵੱਲ ਲੋੜੀਂਦਾ ਧਿਆਨ ਦਿੰਦੇ ਹਨ ਗੱਲ ਕੀ ਹਰ ਚੀਜ਼ ਦੀ ਪਹਿਲੀ ਸੁਭਾਨ ਆਬਾ ਨੂੰ ਉਹ ਇੰਜ ਵੇਖਦੇ ਹਨ ਜਿਵੇਂ ਕਿ ਪੰਛੀ ਸਵੇਰਾ ਵੇਖਦਾ ਹੈ। ਪਰ ਕੌਮਾਂ ਅਤੇ ਮਜ਼ਬਾਂ ਦੀ ਪ੍ਰਥਮ ਤਾਜ਼ਗੀ ਆਖਰ ਮੁੱਕ ਜਾਂਦੀ ਹੈ ਅਤੇ ਇਸ ਵਿੱਚੋਂ ਇਕ ਹੋਰ ਵੱਡਾ ਸੱਚ ਗੁਜ਼ਰਦਾ ਹੋਇਆ ਦਿਸਦਾ ਹੈ। ਗੁਰੂ ਨਾਨਕ ਸੱਚ ਦੀ ਲਿਵ ਜਦ ਜ਼ੋਰ ਪਕੜਦੀ ਹੈ ਤਾਂ ਹੋਰਨਾਂ ਮਜ਼ਹਬਾਂ ਦੀ ਤਾਜ਼ਗੀ ਲਘੂ ਘੇਰੇ ਬਣ ਜਾਂਦੀ ਹੈ । ਗੁਰੂ ਨਾਨਕ ਸੱਚ ਦੀ ਇਹ ਲਿਵ 'ਕੀਤਾ ਪਸਾਉ ਏਕੋ ਕਵਾਉ' ਵਾਂਗ ਇਕ ਛਿਣ ਵਿਚ ਇੰਜ ਉਗਮਦੀ ਹੈ ਕਿ ਸਭ ਕੁਝ ਆਜ਼ਾਦ ਹੀ ਨਜ਼ਰੀ ਪੈਂਦਾ ਹੈ। ਭਾਈ ਗੁਰਦਾਸ ਇਸ ਸਰਬ ਸੁਤੰਤਰ ਕਪਾਟ ਦਾ ਹੀ ਇਕ ਹਿੱਸਾ ਹਨ"[7] ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ਭਾਈ ਗੁਰਦਾਸ ਜੀ ਵੱਲੋਂ ਗੁਰੂ ਨਾਨਕ ਸਾਹਿਬ ਲਈ ਵਰਤੇ ਇਹਨਾਂ ਪ੍ਰਤੀਕਾਂ ਨੂੰ ਸਪਸ਼ਟ ਕਰਦਿਆਂ ਲਿਖਦੇ ਹਨ "ਭਾਈ ਗੁਰਦਾਸ ਲਈ ਸੂਰਜ ਅਤੇ ਸਿੰਘ ਪਰੰਪਰਾਗਤ ਕਾਵਿ ਪ੍ਰਤੀਕ ਨਹੀਂ ਹਨ ਇਹ ਉਸ ਦੀ ਪਰਾ-ਚੇਤਨਾ ਦੀ ਜ਼ੁਬਾਨ ਹਨ। ਬੇਸ਼ਕ ਇਹ ਪਰਾ-ਚੇਤਨਾ ਨੂੰ ਭਾਸ਼ਾ ਵਿਚ ਪਲਟਾਇਆ ਗਿਆ ਪਰ ਇਹ ਗੁਰੂ ਨਾਨਕ ਸੱਚ ਦੇ ਨਿਸ਼ਚੇ ਨਾਲੋਂ ਵੱਖ ਨਹੀਂ ਹੋ ਸਕੀ। ਸੂਰਜ ਅਤੇ ਸਿੰਘ ਗੁਰੂ ਨਾਨਕ ਸੱਚ ਦੇ ਦ੍ਰਿਸ਼ ਵਿਚ ਹੀ ਅਭੇਦ ਹਨ।" ਭਾਈ ਗੁਰਦਾਸ ਦੀ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਦੀ ਆਮਦ ਨਾਲ ਰੂਹਾਨੀ ਸੰਸਾਰ ਵਿਚ ਆਈ ਤਬਦੀਲੀ ਨੂੰ ਅੰਕਿਤ ਕਰਦੀ ਹੈ (ਵਿਸਤਾਰ ਲਈ ਵੇਖੋ ਜਿਉ ਕਰਿ ਸੂਰਜੁ ਨਿਕਲਿਆ, ਕਿਤਾਬ ਪਹਿਲੀ, ਸਹਿਜੇ ਰਚਿਓ ਖਾਲਸਾ )

**ਗੁਰੂ ਨਾਨਕ ਸੱਚ : ਵਿਸਮਾਦੀ ਚਿੰਤਨ** : ਡਾਕਟਰ ਗੁਰਭਗਤ ਸਿੰਘ ਗੁਰੂ ਨਾਨਕ ਸੱਚ ਨੂੰ ਆਧੁਨਿਕ ਗਿਆਨ ਮੁਹਾਵਰੇ ਵਿਚ ਵਿਸਮਾਦੀ ਚਿੰਤਨ ਆਖਦੇ ਹਨ। ਇਹ ਵਿਸਮਾਦੀ ਚਿੰਤਨ ਹੀ ਵਿਸਮਾਦੀ ਸਮਾਜ ਭਾਵ ਸਿੱਖ ਸਮਾਜ ਦੀ ਸਿਰਜਣਾ ਦਾ ਆਧਾਰ ਹੈ। ਅਕਾਦਮਿਕ ਮੁਹਾਵਰੇ ਵਿਚ ਗੱਲ ਕੀਤੀ ਜਾਵੇ ਤਾਂ ਵਿਸਮਾਦ ਗੁਰੂ ਗ੍ਰੰਥ ਸਾਹਿਬ ਦਾ ਇਕ ਪ੍ਰਮੁੱਖ ਸੰਕਲਪ ਹੈ।

*ਵੇਖਿ ਵਿਡਾਣੁ ਰਹਿਆ ਵਿਸਮਾਦੁ।। ਨਾਨਕ ਬੁਝਣੁ ਪੂਰੈ ਭਾਗਿ।।*

(ਅੰਗ ੪੬੩)

*"ਅਬਿਗਤਿ ਗਤਿ ਅਬਿਗਤਿ ਦੀ ਕਿਉ ਅਲਖ ਲਖਾਏ ।*
*ਅਕਥ ਕਥਾ ਹੈ ਅਕਥ ਦੀ ਕਿਉ ਆਖਿ ਸੁਣਾਏ ।*
*ਅਚਰਜ ਨੋ ਆਚਰਜ ਹੈ ਹੈਰਾਣ ਕਰਾਏ।*
*ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸੁਮਾਏ* (ਭਾਈ ਗੁਰਦਾਸ ਵਾਰ ੯ ਪਉੜੀ ੧੩)

ਡਾਕਟਰ ਗੁਰਭਗਤ ਸਿੰਘ ਵਿਸਮਾਦੀ ਚਿੰਤਨ ਨੂੰ ਕੇਵਲ ਇਕ ਗਿਆਨ ਸੰਕਲਪ ਦੇ ਤੌਰ 'ਤੇ ਨਹੀਂ ਦੇਖਦੇ ਬਲਕਿ ਇਸ ਨੂੰ ਸਮਾਜ ਨੂੰ ਸੰਗਠਿਤ ਕਰਨ ਵਾਲੀ ਵਿਧੀ ਵਜੋਂ ਵੀ ਦੇਖਦੇ ਹਨ। ਵਿਸਮਾਦੀ ਸਮਾਜ ਦਾ ਸੰਕਲਪ ਲੇਖ ਵਿਚ ਉਹਨਾਂ ਨੇ ਇਸ ਮਸਲੇ ਨੂੰ ਨਿਠ ਕੇ ਵਿਚਾਰਿਆ ਹੈ।"[8] 21ਵੀਂ ਸਦੀ ਵਿਚ ਵੀ ਅਜੇ ਸਾਡੇ ਕੋਲ ਸਮਾਜ ਨੂੰ ਸੰਗਠਿਤ ਕਰਨ ਅਤੇ ਜਿਉਣ ਬਾਰੇ ਦੋ ਹੀ ਪ੍ਰਮੁੱਖ ਸੰਕਲਪ ਹਨ ਪੂੰਜੀਵਾਦ ਤੇ ਸਮਾਜਵਾਦ ਇਹਨਾਂ ਦੇ ਦਰਮਿਆਨ ਸਥਿਤ ਤਜਰਬਾ ਜਵਾਹਰਲਾਲ ਨਹਿਰੂ ਸਮੇਂ ਭਾਰਤ ਵਿਚ ਆਰੰਭ ਹੋਇਆ ਸੀ ਪਰ ਉਹ ਸਿਰੇ ਨਾ ਚੜ੍ਹਨ ਕਾਰਨ ਹੁਣ ਭਾਰਤ ਭਰਪੂਰ ਪੂੰਜੀਵਾਦ ਵੱਲ ਮੁੜ ਪਿਆ ਹੈ ਚੀਨ ਨੇ ਆਪਣੇ ਸਮਾਜਵਾਦ ਨੂੰ ਢਿੱਲ ਦੇ ਕੇ ਅੰਤਰਰਾਸ਼ਟਰੀ ਪੂੰਜੀ ਨੂੰ ਸੱਦਾ ਦਿੱਤਾ ਹੋਇਆ ਹੈ ਪਰ ਚੀਨੀ ਲੀਡਰਾਂ ਦਾ ਵਿਸ਼ਵਾਸ ਹੈ ਕਿ ਉਹਨਾਂ ਦਾ ਸਮਾਜਵਾਦ ਪੂੰਜੀਵਾਦੀ ਪੂੰਜੀ ਨੂੰ ਆਪਣੇ ਵਿਚ ਸਮੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਵਿਸਮਾਦੀ ਸਮਾਜ ਦਾ ਸੰਕਲਪ ਤੀਜੇ ਬਦਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।"[9] ਡਾਕਟਰ ਗੁਰਭਗਤ ਸਿੰਘ ਦੇ ਇਸ ਕਥਨ ਦੀ ਵਾਜਬੀਅਤ ਇਥੋਂ ਵੀ ਪ੍ਰਤੀਤ ਕੀਤੀ ਜਾ ਸਕਦੀ ਹੈ ਕਿ ਵਿਸ਼ਵੀ ਪੱਧਰ ਤੇ ਮਨੁੱਖੀ ਸਮਾਜ ਅਸ਼ਾਂਤ ਹੋ ਰਹੇ ਹਨ

ਮਨੁੱਖ ਦੇ ਸਰਬ ਪੱਖੀ ਵਿਕਾਸ ਦਾ ਸਵਾਲ ਫਿਰ ਤੋਂ ਵਿਸ਼ਵ ਚਿੰਤਨ ਦੇ ਕੇਂਦਰ ਵਿਚ ਹੈ। "ਮਨੁੱਖੀ ਜੀਵਨ ਨੂੰ ਵੱਖ-ਵੱਖ ਪੱਧਰਾਂ ਉੱਤੇ ਕਿਵੇਂ ਸੰਗਠਿਤ ਕੀਤਾ ਜਾਵੇ ਤਾਂ ਕਿ ਮਨੁੱਖ ਦਾ ਸਰਵ ਪੱਖੀ ਵਿਕਾਸ ਹੋ ਸਕੇ? ਨਵੇਂ ਸਮਾਜ ਦੀ ਵਿਉਂਤਬੰਦੀ ਕਿਵੇਂ ਹੋਵੇ? ਇਹਨਾਂ ਪ੍ਰਸ਼ਨਾਂ ਦੇ ਬੜੀ ਤੇਜ਼ੀ ਨਾਲ ਉੱਤਰ ਲੱਭੇ ਜਾ ਰਹੇ ਹਨ। ਤਲਾਸ਼ ਜਾਰੀ ਹੈ। ਆਲੇ ਦੁਆਲੇ ਵਿਚ ਜੋ ਅਸ਼ਾਂਤ ਮਾਹੌਲ ਬਣ ਰਿਹਾ ਹੈ, ਅਚਾਨਕ ਅਸੰਤੁਸ਼ਟ ਵਰਗਾਂ ਵੱਲੋਂ ਧਮਾਕੇ ਹੋ ਰਹੇ ਹਨ, ਇਹ ਸਿੱਧ ਕਰਦੇ ਹਨ ਕਿ ਵਿਸ਼ਵ ਦੇ ਸਭ ਲੋਕ ਸਮਵਰਤੀ ਜੀਵਨ ਸੰਕਲਪਾਂ ਅਤੇ ਅਭਿਆਸਾਂ ਤੋਂ ਅੱਗੇ ਜਾਣਾ ਚਾਹੁੰਦੇ ਹਨ। ਇਸ ਪ੍ਰਸੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਯੋਗਦਾਨ ਮਹੱਤਵਪੂਰਨ ਹੈ। ਇਹ ਯੋਗਦਾਨ ਅਜੇ ਗੌਲਿਆ ਨਹੀਂ ਗਿਆ ਨਾ ਹੀ ਇਸ ਨੂੰ ਸਾਡੇ ਸਮਕਾਲੀ ਮੁਹਾਵਰੇ ਵਿਚ ਢਾਲ ਕੇ ਵਿਸ਼ਵ ਭਾਈਚਾਰਿਆਂ ਨਾਲ ਸਾਂਝਾ ਕੀਤਾ ਗਿਆ ਹੈ। ਕੇਵਲ ਪੰਜਾਬ ਦੇ ਲੋਕਾਂ ਤੱਕ ਹੀ ਇਸ ਯੋਗਦਾਨ ਦੀ ਵਿਆਖਿਆ ਨੂੰ ਸੀਮਤ ਕਰਨਾ ਪੰਜਾਬ ਦੇ ਮਨੁੱਖਵਾਦੀ ਸਿੱਖ ਵਿਰਸੇ ਨੂੰ ਅਣਗੌਲਿਆਂ ਰੱਖਣਾ ਹੈ। ਪੰਜਾਬ ਨੇ ਅਤੇ ਪੰਜਾਬ ਰਾਹੀਂ ਭਾਰਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਰਾਹੀਂ ਵਿਸ਼ਵ ਨੂੰ ਵੱਡੀ ਦੇਣ ਦਿੱਤੀ ਇਹ ਕੋਈ ਅਤ-ਕਥਨੀ ਨਹੀਂ।"[10] "ਜੇ ਮੈਨੂੰ ਸਿੱਖ ਕੌਮ ਦਾ ਚਿੰਤਨ-ਸੇਵਕ ਸਮਝ ਕੇ ਕੋਈ ਇਹ ਪੁੱਛੇ: ਵਿਸ਼ਵ ਨੂੰ ਮੌਲਿਕ ਸਿੱਖ ਦੇਣ ਕੀ ਹੈ ? ਮੇਰਾ ਨਿਰਸੰਦੇਹ ਉੱਤਰ ਹੋਵੇਗਾ : ਵਿਸਮਾਦੀ ਸਮਾਜ ਦਾ ਸੰਕਲਪ"[11] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਾਜ ਦੀ ਸਿਰਜਣਾ ਸਬੰਧੀ ਮੌਲਿਕ ਸਿਧਾਂਤ ਨਿਖਾਰਨਾ ਨਿਰਸੰਦੇਹ ਡਾਕਟਰ ਗੁਰਭਗਤ ਸਿੰਘ ਦੀ ਵਿਸ਼ੇਸ਼ ਪ੍ਰਾਪਤੀ ਹੈ।" ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਵਿਸਮਾਦੀ ਸਮਾਜ ਦਾ ਸੰਕਲਪ ਤੀਜੇ ਬਦਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਇਸ ਸਮਾਜ ਦਾ ਪੂਰਾ ਹੱਕ ਤੇ ਵਿਸਥਾਰ ਅਜੇ ਵਿਕਸਿਤ ਨਹੀਂ ਕੀਤੇ ਗਏ। ਇਸ ਪ੍ਰਸੰਗ ਵਿਚ ਸਿੱਖ ਵਿਦਵਾਨਾਂ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ, ਇਹ ਵੱਖਰੀ ਗੱਲ ਹੈ। ਵਿਸਮਾਦ ਆਸ਼ਚਾਰਯ ਹੈ, ਆਸ਼ਚਰਯ ਦੀ ਖੇਡ ਹੈ, ਇਕ ਚਮਤਕਾਰ ਹੈ, ਜੋ ਕੁੱਲ ਸ੍ਰਿਸ਼ਟੀ ਵਿਚ ਵਾਪਰਿਆ ਹੋਇਆ ਹੈ। ਇਸੇ ਨਾਲ ਇਹ ਸ੍ਰਿਸ਼ਟੀ ਸਾਜੀ ਗਈ ਹੈ ਇਸ ਦਾ ਸਾਜਣਹਾਰ ਵਾਹਿਗੁਰੂ ਹੈ। ਉਹ ਵਾਹਿ ਜਾਂ ਅਸਚਰਯ ਦਾ ਗੁਰੂ ਹੈ। ਵਿਸਮਾਦ ਦਾ ਗੁਰੂ ਹੈ। ਇਹ ਵਿਸਮਾਦ ਰਸ ਹੈ। ਗੁਰੂ ਅਰਜਨ ਦੇਵ ਜੀ ਰਾਗ ਕੰਨੜਾ ਵਿਚ ਫਰਮਾਉਂਦੇ ਹਨ (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1302) ਜਿਸਨੇ ਵਿਸਮਾਦ ਬੁਝ ਲਿਆ ਉਸ ਨੂੰ ਪੂਰਾ ਆਨੰਦ ਆਉਂਦਾ ਹੈ। ਇਸ ਲਈ ਵਿਸਮਾਦ ਕੋਈ ਨਿਰਦ੍ਰਿਸ਼ਟ ਸੰਕਲਪ ਨਹੀਂ, ਸ੍ਰਿਸ਼ਟੀ ਦਾ ਅਸਤਿਤਵੀ ਪਸਾਰ ਹੈ, ਅਨੁਭਵ ਹੈ। ਇਹ ਵਿਸਮਾਦ ਪ੍ਰਿਯ (ਵਿਸਮਾਦ ਦੇ ਗੁਰੂ) ਦੇ ਉੱਚੇ ਅਸਥਾਨ ਉੱਤੇ ਹੋਣ ਦੇ ਬਾਵਜੂਦ ਨਿਰੰਤਰ ਸ਼ਬਦ, ਵਾਦਨ, ਸੰਗੀਤ ਰਾਹੀਂ ਪ੍ਰਗਟ ਹੋ ਰਿਹਾ ਹੈ। ਗੁਰੂ ਸਾਹਿਬ ਖ਼ੁਦ ਇਸ ਦੇ ਧਿਆਨ ਵਿਚ ਵਿਸਮਾਦਿਤ ਹੋ ਰਹੇ ਹਨ ਅਤੇ ਫਰਮਾ ਰਹੇ ਹਨ:

*ਪਿਰੁ ਉਚੜੀਐ ਮਾੜੜੀਐ ਤਿਹ ਲੋਆ ਸਿਰਤਾਜਾ ਰਾਮ।।*
*ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ।।* (ਸੂਹੀ ਮਹਲਾ ੧, ਅੰਗ ੭੬੫)

**ਵਿਸਮਾਦ ਦਾ ਇਤਿਹਾਸ ਵਿਚ ਉਤਾਰਾ:** ਗੁਰੂ ਨਾਨਕ ਸੱਚ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਅਚਿਹਨ ਬੌਧਿਕ ਪ੍ਰਬੰਧ ਨਹੀਂ ਹੈ ਸਗੋਂ ਇਹ ਅਜਿਹੀ ਸ਼ਕਤੀ ਹੈ ਜਿਸ ਨੇ ਅਥਾਹ ਪ੍ਰੇਰਨਾ ਨਾਲ ਇਤਿਹਾਸਿਕ ਤੌਰ ਤੇ ਆਪਣਾ ਜਲਵਾ ਪ੍ਰਕਾਸ਼ਮਾਨ ਕੀਤਾ ਹੈ। ਭਾਵ ਕਿ ਗੁਰੂ ਨਾਨਕ ਸੱਚ ਮਨੁੱਖਾਂ ਦੇ ਚਰਿੱਤਰ ਵਿਚ ਸ਼ਮੂਲੀਅਤ ਕਰਕੇ ਉਸ ਨੂੰ ਹੈਰਾਨੀਜਨਕ ਤਰੀਕੇ ਨਾਲ ਬਦਲ ਦਿੰਦਾ ਹੈ ਤੇ ਉਹਨਾਂ ਦੀ ਸਮਾਜ ਵਿੱਚਲੀ ਕਾਰਗੁਜ਼ਾਰੀ ਇਤਿਹਾਸਿਕ ਪ੍ਰਵਾਹ ਵਿਚ ਆਪਣੇ ਪ੍ਰਮਾਣ ਦਿੰਦੀ ਹੈ। ਗੁਰੂ ਨਾਨਕ ਸੱਚ ਦਾ ਮਨੁੱਖੀ ਵਿਹਾਰ ਅਤੇ ਉਸ ਦੇ ਸੰਸਾਰ ਨਾਲ ਰਿਸ਼ਤਿਆਂ ਨੂੰ ਬਦਲਣ ਦੀ ਇਸ ਪ੍ਰਕਿਰਿਆ ਨੂੰ ਗੁਰੂ ਗ੍ਰੰਥ ਸਾਹਿਬ ਦੇ ਕੁਝ ਪ੍ਰਮੁੱਖ ਸੰਕਲਪਾਂ ਦੇ ਸਹਾਰੇ ਸਮਝਣਾ ਜਰੂਰੀ ਹੈ। ਇਹਨਾਂ ਵਿਚ ਸਚਿਆਰ, ਗੁਰਮੁਖ, ਸਾਧ-ਸੰਗਤ ਅਤੇ ਖ਼ਾਲਸਾ ਪ੍ਰਮੁੱਖ ਸੰਕਲਪ ਹਨ ਜੋ ਇਕ ਵਿਅਕਤੀ ਤੋਂ ਇਕ ਸਮਾਜ ਤੱਕ ਦੀ ਸੰਰਚਨਾ ਦਾ ਆਧਾਰ ਹਨ । ਪਹਿਲੇ ਪੱਧਰ ਤੇ ਗੁਰੂ ਨਾਨਕ ਸੱਚ ਮਨੁੱਖ ਨੂੰ ਸਚਿਆਰ ਬਣਾਉਂਦਾ ਹੈ ਸਚਿਆਰ ਸੰਕਲਪ ਦੀ ਲੰਬੀ ਚੌੜੀ ਵਿਆਖਿਆ ਦੇਣ ਦੀ ਥਾਂ ਸਾਦੇ ਸ਼ਬਦਾਂ ਵਿਚ ਕਹਿ ਸਕਦੇ ਹਾਂ ਕਿ ਸੱਚੇ ਆਚਰਨ ਵਾਲਾ ਮਨੁੱਖ, ਇੱਥੇ ਮਨੁੱਖ ਤੋਂ ਭਾਵ ਇਸਤਰੀ ਅਤੇ ਪੁਰਸ਼ ਦੋਵਾਂ ਤੋਂ ਹੈ। ਇਹ ਸਚਿਆਰ ਮਨੁੱਖ ਹੀ ਗੁਰੂ ਨਾਨਕ ਸੱਚ ਦੇ ਨਾਲ ਨਾਲ ਚਲਦੇ ਹੋਏ ਗੁਰਮੁਖ ਪਦਵੀ ਨੂੰ ਧਾਰਨ ਕਰਦੇ ਹਨ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਗੁਰਮੁਖ ਦੀ ਵਡਿਆਈ ਕਥਨ ਤੋਂ ਬਾਹਰ ਹੈ। ਵਿਚ ਭਾਈ ਗੁਰਦਾਸ ਜੀ ਦਾ ਕਥਨਹੈ-

*ਸਤਿਗੁਰ ਸਤਿ ਸਰੂਪ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।*
*ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣ ਪਰਵਾਣੈ।*
*ਚਰਣ ਕਵਲ ਮਕਰੰਦ ਰਸੁ ਪੂਜਾ ਮੂਲ ਪਿਰਮ ਰਸ ਮਾਣੈ।*
*ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।*
*ਗੁਰਮੁਖਿ ਪੰਥ ਅਗੰਮੁ ਹੈ ਗੁਰਮਤਿ ਨਿਹਚਲ ਚਲਣ ਭਾਣੈ।*


www.sanvad.org
ISSN : 2395-1273

*ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕੌਣ ਆਖਿ ਵਖਾਣੈ।*
*ਵੀਹ ਇਕੀਹ ਉਲੰਘਿ ਸਿਞਾਣੇ* (ਵਾਰ ੬ ਪਉੜੀ੧੯ਵੀਂ)

ਭਾਈ ਗੁਰਦਾਸ ਜੀ ਗੁਰੂ ਨਾਨਕ ਸੱਚ ਦੇ ਮੌਲਿਕ ਵਿਆਖਿਆਕਾਰ ਹਨ। ਸਿੱਖ ਰਿਵਾਇਤ ਅਨੁਸਾਰ ਉਹਨਾਂ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਦਾ ਮਾਣ ਪ੍ਰਾਪਤ ਹੋਇਆ ਹੈ। "ਸਤਵੀਂ ਵਾਰ ਵਿਚ ਆਪ ਨੇ ਗੁਰਮੁਖ ਦੀਆਂ ਕੁਝ ਹੋਰ ਨਿਸ਼ਾਨੀਆਂ ਦਿੱਤੀਆਂ ਹਨ

1. ਗੁਰਮੁਖਿ ਹਰਖ ਸੋਗ ਹਿੰਦੂ ਮੁਸਲਮਾਨ ਦੀ ਉਸਤਤ ਨਿੰਦਿਆ ਅਤੇ ਨਰਕ ਸੁਰਗ ਤੋਂ ਅਗੇਰੇ ਹੈ।
2. ਗੁਰਮੁਖ ਸੱਪਾਂ ਦੀਆਂ ਅੱਠ ਕੁੱਲਾਂ ਸ਼ੇਸ਼ਨਾਗ ਅਤੇ ਚਾਰ ਬੀਰਾਂ ਨਾਲੋਂ ਵੱਡਾ ਹੈ।
3. ਗੁਰਮੁਖ ਰਾਮ ਚੰਦਰ ਕ੍ਰਿਸ਼ਨ ਬੁਧ ਕਲਕੀ ਗਲ ਕੀ ਦਸ ਅਵਤਾਰਾਂ ਤੋਂ ਉਚੇਰਾ ਹੈ (ਵਿਸ਼ਨੂ ਦੇ ਦਸ ਅਵਤਾਰਾਂ ਤੋਂ)
4. ਗੁਰਮੁਖਿ ਸਿਕੰਧਾਂ ਪੁਰਾਨਾ ਵਿਚ ਵਰਨਿਤ 11 ਛੇਵਾਂ 18 ਪੁਰਾਣਾਂ ਅਤੇ ਅਨਲ ਮਦਲ ਪੰਛੀਆਂ ਦੀ ਪਹੁੰਚ ਤੋਂ ਪਾਰ ਹੈ।
5. ਗੁਰਮੁਖਿ ਚਾਰ ਵੇਦਾਂ ਅਤੇ ਛੇ ਸ਼ਾਸਤਰਾਂ ਦੀ ਕਲਪਨਾ ਤੋਂ ਬਾਹਰ ਹੈ।"[12]

ਗੁਰਮੁਖਾਂ ਦੇ ਇਕੱਠ ਸਮੂਹ ਜਾਂ ਆਪਸੀ ਰਿਸ਼ਤੇ ਨਾਲ ਉਸਰੀ ਸੰਸਥਾ ਨੂੰ ਸੰਗਤ ਅਤੇ ਸੱਚਖੰਡ ਕਿਹਾ ਗਿਆ ਹੈ। "ਇਹ ਸਾਧ ਸੰਗਤ ਗੁਰਮੁਖ ਦਾ ਸੱਚਖੰਡ ਹੈ ਜ਼ਿੰਦਗੀ ਦੀ ਇਹ ਇਕ ਐਸੀ ਤਰਜ਼ ਹੈ ਜੋ ਵਿਸਮਾਦ ਵਿਚ ਵਿਸਮਾਦ ਨੂੰ ਟੋਲਦੀ ਹੈ ਹੈਰਾਨੀ ਦੀ ਇਕ ਗਹਿਰਾਈ ਪਿੱਛੋਂ ਦੂਸਰੀ ਗਹਿਰਾਈ ਨੂੰ ਪਛਾਣਦੀ ਹੈ ਇਹ ਖਾਲਸ ਵਜਦ ਦੀ ਅਵਸਥਾ ਹੈ:

*ਅਚਰਜ ਨੋ ਆਚਰਜੁ ਹੈ ਅਚਰਜੁ ਹੋਵੰਦਾ।*
*ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਰਹੰਦਾ।*
*ਹੈਰਾਣੇ ਹੈਰਾਣੁ ਹੈ ਹੈਰਾਣੁ ਕਰੰਦਾ।* (ਭਾਈ ਗੁਰਦਾਸ, ਵਾਰ ੩੮, ਪਉੜੀ ੧੮)[13]

ਅਸਚਰਜ ਅਤੇ ਹੈਰਾਨੀ ਮਨੁੱਖੀ ਅਨੁਭਵ ਦੇ ਬਹੁਤ ਹੀ ਖਾਸ ਗੁਣ ਹਨ। ਫ਼ਲਸਫ਼ੇ ਦੀ ਦੁਨੀਆਂ ਵਿਚ ਇਕ ਧਾਰਨਾ ਇਹ ਵੀ ਹੈ ਕਿ ਜੋ ਮਨੁੱਖ ਕਿਸੇ ਵਰਤਾਰੇ ਨੂੰ ਦੇਖ ਕੇ ਹੈਰਾਨ ਹੋ ਸਕਦਾ ਹੈ ਉਸ ਵਿਚ ਫਲਸਫੀ ਬਣਨ ਦੀ ਸੰਭਾਵਨਾ ਮੌਜੂਦ ਹੁੰਦੀ ਹੈ। ਭਾਵ ਕਿ ਮਨੁੱਖ ਇਸ ਸੰਸਾਰ ਦੀ ਸਿਰਜਣਾ ਵੱਲ ਜਦੋਂ ਹੈਰਾਨ ਹੋ ਕੇ ਵੇਖਦਾ ਹੈ ਤਾਂ ਉਹ ਆਦਿ ਜੁਗਾਦੀ ਮਸੂਮੀ ਵਿਚ ਉਸ ਦਾ ਭੇਤ ਜਾਨਣ ਦੀ ਜੁਸਤਜੂ ਨਾਲ ਅੱਗੇ ਵਧਦਾ ਹੈ ਅਤੇ ਕੁਦਰਤ ਦੇ ਭੇਤ ਵਿੱਚੋਂ ਹੀ ਉਸੇ ਨੂੰ ਅਸਲ ਫਲਸਫੇ ਦੀ ਪ੍ਰਾਪਤੀ ਹੁੰਦੀ ਹੈ। "ਵਿਸਮਾਦ ਦਾ ਅਨੁਭਵ ਨਾਲ ਜੁੜਿਆ ਸਿਧਾਂਤ ਆਸਾ ਕੀ ਵਾਰ ਦੀ ਤੀਜੀ ਪਉੜੀ ਵਿਚ ਪ੍ਰਕਾਸ਼ਮਾਨ ਹੈ ਜਿਸ ਵਿਚ ਗੁਰੂ ਨਾਨਕ ਦੇਵ ਰੂਪ ਰੰਗ ਜੀਅ ਭੇਦ ਆਦਿ ਦੀ ਵਿਲੱਖਣਤਾ ਨਾਲ ਸਰਸ਼ਾਰ ਹੁੰਦੇ ਹਨ। ਵਿਸਮਾਦ ਹੀ ਇਸ ਸਾਰੀ ਵਿਲੱਖਣਤਾ ਨੂੰ ਜੋੜਦਾ ਹੈ। ਇਹ ਵਿਰੋਧਾਂ ਦੀ ਥਾਂ ਇਕ ਦੂਜੇ ਦੀ ਭਿੰਨਤਾ ਤੋਂ ਆਉਣ ਵਾਲੀ ਅਨਹਦ ਨਾਦੀ ਪ੍ਰਤੀਤੀ ਨੂੰ ਉਜਾਗਰ ਕਰਦਾ ਹੈ। ਇਸ ਵਿਸਮਦੀ ਅਨੁਭਵ ਅਤੇ ਸਹਿ ਹੋਂਦ ਨਾਲ ਜੀਵਨ ਤ ਸ੍ਰਿਸ਼ਟੀ ਨੂੰ ਵਿਸਮਾਦ ਦਾ ਗੁਰੂ ਵਾਹਿਗੁਰੂ ਦੇਖਦਾ ਹੈ ਅਤੇ ਖੁਦ ਵੀ ਵਿਸਮਾਦ ਨਾਲ ਭਰਪੂਰ ਹੈ ਇਸ ਵਿਸਮਾਦ ਨਾਲ ਹਾਜ਼ਰ ਹੈ।[14] ਐਡਵਰਡ ਸੈਦ ਅਤੇ ਉੱਤਰ ਬਸਤੀਵਾਦੀ ਚਿੰਤਕਾਂ ਦਾ ਚਿੰਤਨ ਇਸ ਸਹਿਜੇ ਹੀ ਸਥਾਪਿਤ ਕਰ ਦਿੰਦਾ ਹੈ ਕਿ ਪੱਛਮ ਨੂੰ ਦੂਜੇ ਦੀ ਹੋਂਦ ਨਾਲ ਚਿੜ ਹੈ ਇਸੇ ਕਰਕੇ ਉੱਤੇ ਆਈ ਐਂਡ ਦਾਓ ਵਰਗੀਆਂ ਸੰਕਲਪਨਾਵਾਂ ਪੈਦਾ ਹੋਈਆਂ। ਸਾਰਤਰ ਨੇ ਇਸ ਦਿਸ਼ਾ ਵਿਚ ਇਕ ਵੱਡੀ ਛਾਲ ਮਾਰਦਿਆਂ ਆਪਣੇ ਪ੍ਰਸਿੱਧ ਨਾਟਕ ਨੋ ਐਗਜਿਟ ਵਿਚ ਅਦਰ ਇਜ਼ ਹੈੱਲ ਵਰਗੀ ਪ੍ਰਸਿੱਧ ਉਕਤੀ ਘੜ ਮਾਰੀ। ਇਸ ਉਕਤੀ ਦਾ ਇਹ ਅਰਥ ਕਤਈ ਨਹੀਂ ਹੈ ਕਿ ਸਾਰਤਰ ਇਕ ਮਨੁੱਖ ਦੇ ਦੂਜੇ ਮਨੁੱਖਾਂ ਨਾਲ ਰਿਸ਼ਤਿਆਂ ਨੂੰ ਮੂਲ ਰੂਪ ਵਿਚ ਨਕਾਰਾਤਮਕ ਮੰਨਦਾ ਹੈ ਬਲਕਿ ਮਨੋਵਿਗਿਆਨਿਕ ਵਿਸ਼ਲੇਸ਼ਣ ਦੀ ਇਕ ਮਹਾਨ ਉਪਲਬਧੀ ਵਜੋਂ ਸਾਰਤਰ ਪੱਛਮੀ ਸਮਾਜ ਵਿਚ ਪਲੇ-ਵਧੇ ਇਕ ਮਨੁੱਖ ਨੂੰ ਦੂਜੇ ਮਨੁੱਖ ਦੇ ਨਜ਼ਰੀਏ ਤੋਂ ਆਪਣੀ ਪਰਿਭਾਸ਼ਾ ਤੋਂ ਉਤਪੰਨ ਹੋਣ ਵਾਲੇ ਡਰ ਨੂੰ ਪੇਸ਼ ਕਰਦਾ ਹੈ। ਸਾਰਤਰ ਦਾ ਮੰਨਣਾ ਹੈ ਕਿ ਮਨੁੱਖ ਜਦੋਂ ਦੂਸਰੇ ਦੀਆਂ ਨਜ਼ਰਾਂ ਵਿਚ ਆਪਣੇ ਆਪ ਨੂੰ ਦੇਖੇ ਜਾਣ ਪ੍ਰਤੀ ਜਾਗਰੂਕ ਹੁੰਦਾ ਹੈ ਤਾਂ ਉਸ ਦੀ ਸ਼ਖਸੀਅਤ ਉੱਪਰ ਇਕ ਬੋਝ ਬਣ ਜਾਂਦਾ ਹੈ। ਇਹ ਬੋਝ ਨਰਕ ਵਰਗੀ ਸਥਿਤੀ ਪੈਦਾ ਕਰ ਦਿੰਦਾ ਹੈ। ਆਈ ਐਂਡ ਦਾਓ ਅਤੇ ਅਦਰ ਇਜ ਹੈਲ ਤੋ ਪੱਛਮੀ ਸਮਾਜ ਵਿਚ ਵਿਲੱਖਣਤਾ ਅਤੇ ਭਿੰਨਤਾ ਸਬੰਧੀ ਧਾਰਨਾਵਾਂ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਦੂਜੇ ਪਾਸੇ ਗੁਰੂ ਨਾਨਕ ਸੱਚ ਦੂਜੇ ਦੀ ਹੋਂਦ ਸੇਵਾ ਦੇ ਥਾਂ ਵਜੋਂ ਮੰਨਦਾ ਹੈ। "ਵਿਲੱਖਣਤਾ ਭਿੰਨਤਾ ਅਨਹਦ ਨਾਦ ਨਾਲ ਸਰਸ਼ਾਰ ਹੁਕਮ ਵਿਚ ਸੰਗਠਿਤ ਇਹ ਰਚਨਾ ਦਾ ਚਰਿੱਤਰ ਇਡੀਪਲੀ ਜਾਂ ਤਾਨਾਸ਼ਾਹੀ ਏਕਤਾ ਤੋਂ ਵੱਖਰਾ ਹੈ। ਇਸ ਲਈ ਇਹ ਵਿਸਮਾਦੀ ਵਿਸ਼ਵ ਅਤੇ ਇਸ ਦੇ ਸਿਰਜਣਹਾਰ ਦਾ ਅਧਿਆਤਮਕ ਹੋਣ ਦੇ ਨਾਲ ਰਾਜਸੀ ਪੱਖ ਵੀ ਹੈ। ਗੁਰੂ ਸਾਹਿਬਾਨ ਨੇ ਨਾਂਹ-ਪੱਖੀ ਸੁਲਤਾਨੀ ਇਕਾਤਮਿਕਤਾ

ਨਾਲ ਵਿਸ਼ਵ ਅਤੇ ਇਸ ਦੇ ਸਿਰਜਣਹਾਰ ਨੂੰ ਪਰਿਭਾਸ਼ਿਤ ਨਹੀਂ ਕੀਤਾ। ਜੇ ਇੱਥੇ ਵਿਲੱਖਣਤਾ ਦਾ ਆਦਰ ਹੈ ਅਤੇ ਉਸ ਵਿੱਚੋਂ ਝਰਨ ਵਾਲਾ ਅਨਹਦ ਨਾਦ ਸਦੀਵੀ ਹੈ ਕਿਉਂਕਿ ਉਸ ਦਾ ਸਰੋਤ ਸਦੀਵੀ ਹੈ ਤਾਂ ਇਸ ਜਗਤ ਨਾਲ ਸਬੰਧਿਤ ਰਾਜਸੀ ਅਤੇ ਆਰਥਿਕ ਸੰਸਥਾਵਾਂ ਵੀ ਵਿਸਮਾਦੀ ਹੋਣਗੀਆਂ।''[15] ਇਹਨਾਂ ਸੰਸਥਾਵਾਂ ਵਿਚ ਮੁੱਲ ਪ੍ਰਬੰਧ, ਮਨੁੱਖਾਂ ਦੀ ਆਪਸੀ ਸਮੂਹਿਕ ਸ਼ਮੂਲੀਅਤ ਨਾਲ ਬਣੇ ਨਿਯਮ, ਸਮਾਜ ਦੀ ਸਿਰਜਣਾ ਲਈ ਨਿਰਧਾਰਿਤ ਕੀਤੇ ਗਏ ਰਿਸ਼ਤਿਆਂ ਦੇ ਨਿਯਮ, ਮਨੁੱਖੀ ਵਿਹਾਰ ਸਬੰਧੀ ਕਿਸੇ ਸਮਾਜ ਵਿਚ ਪ੍ਰਭਾਵੀ ਲੀਹਾਂ ਤਰਜੀਹਾਂ ਅਤੇ ਗੁਜਰਾਨ ਭਾਵ ਮਨੁੱਖੀ ਜੀਵਨ ਦੀ ਹੋਂਦ ਲਈ ਲੋੜੀਂਦੀਆਂ ਵਸਤਾਂ ਦੀ ਪ੍ਰਾਪਤੀ ਲਈ ਸੇਧ ਨੂੰ ਗਿਣਿਆ ਜਾ ਸਕਦਾ ਹੈ । ਗੁਰੂ ਨਾਨਕ ਸੱਚ ਨਾਲ ਉਸਾਰਨ ਵਾਲੇ ਸਿੱਖ-ਸਮਾਜ ਦੇ ਇਤਿਹਾਸਿਕ ਵਿਹਾਰ ਅਤੇ ਯੂਨਾਨੀ ਫਲਸਫੇ ਦੇ ਮੂਲ ਉੱਪਰ ਉਸਰੀ ਵਿਗਿਆਨਕ ਅਤੇ ਉਦਯੋਗਿਕ ਕ੍ਰਾਂਤੀਆਂ ਨਾਲ ਸਿਰਜੇ ਗਏ ਪੱਛਮੀ ਸਮਾਜਾਂ ਵਿਚ ਇਸ ਨੁਕਤੇ ਤੋਂ ਸਪੱਸ਼ਟ ਵਖਰੇਵਾਂ ਪਛਾਣਿਆ ਜਾ ਸਕਦਾ ਹੈ।

ਗੁਰੂ ਨਾਨਕ ਸੱਚ ਕੁਲ ਕਾਇਨਾਤ ਨੂੰ ਭਾਈਚਾਰਾ ਮੰਨਦਾ ਹੈ। ਇੱਥੇ ਕੋਈ ਦੂਜਾ ਨਹੀਂ *'ਏਕੋ ਹੈ ਭਾਈ ਏਕੋ ਹੈ'*(ਆਸਾ ਮਹਲਾ ੧, ਅੰਗ ੩੪੦) ਪਹਿਲਾਂ ਇਹ ਸਪਸ਼ਟਤਾ ਰੱਬ ਜਾਂ ਅਕਾਲ ਪੁਰਖ ਸਬੰਧੀ ਪੈਦਾ ਕੀਤੀ ਗਈ ਉਸ ਤੋਂ ਬਾਅਦ ਸਮੁੱਚੀ ਸ੍ਰਿਸ਼ਟੀ ਵਿਚ ਆਪਸੀ ਏਕਤਾ ਦੇ ਖਿਆਲ ਨੂੰ ਗੁਰਬਾਣੀ ਵਿਚ ਦਰਜ ਕਰਕੇ ਸਿੱਖ ਅਨੁਭਵ ਦਾ ਅਕੱਟ ਹਿੱਸਾ ਬਣਾ ਦਿੱਤਾ ਗਿਆ।'' ਕੁੱਲ ਕਾਇਨਾਤ ਨੂੰ ਭਾਈਚਾਰਾ ਮੰਨਣ ਦੇ ਵਿਚਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਜੋ ਵਾਧਾ ਕੀਤਾ ਹੈ ਅਤੇ ਜੋ ਅੱਜ ਦੇ ਬਦਲਦੇ ਵਿਸ਼ਵ ਲਈ ਸਾਰਥਿਕ ਹੈ ਉਹ ਇਹ ਹੈ ਕਿ ਇਸ ਭਾਈਚਾਰੇ ਵਿਚ ਰਹਿਣ ਲਈ ਵਿਸ਼ੇਸ਼ ਜੀਵਨ ਜਾਚ ਸਿੱਖਣ ਦੀ ਲੋੜ ਹੈ ਉਹ ਜੀਵਨ-ਜਾਚ ਹੈ : ਸਹਿਜ। ਸਹਿਜ ਇਕ ਸੰਤੁਲਨ ਹੈ ਰੋਸ਼ਨੀ ਅਤੇ ਦੇਹ ਹੁਕਮਤਾ ਨਾਲ ਵਿਰੋਧਾਂ ਅਤੇ ਰੁਕਾਵਟਾਂ ਦੇ ਬਾਵਜੂਦ ਬ੍ਰਹਿਮੰਡੀ ਪਈ ਚਾਰੇ ਨਾਲੋਂ ਸਬੰਧ ਟੁੱਟਣ ਨਾ ਦੇਣਾ ਬ੍ਰਹਮੰਡ ਅਤੇ ਪਿੰਡ ਦਾ ਸੁਮੇਲ ਕਾਇਮ ਰੱਖਣਾ''।[16] ਗੁਰੂ ਨਾਨਕ ਸੱਚ ਸੰਜੋਗ, ਸੰਵਾਦ ਅਤੇ ਸੰਮਿਸ਼ਰਣ ਦਾ ਨਾ ਕੇਵਲ ਸਤਿਕਾਰ ਕਰਦਾ ਹੈ ਬਲਕਿ ਇਸ ਨੂੰ ਗੁਰਮੁਖ ਦੇ ਵਿਹਾਰ ਦਾ ਅਲਹਿਦਾ ਨਾ ਕੀਤੇ ਜਾ ਸਕਣ ਵਾਲਾ ਜੁਜ ਬਣਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਇਹ ਤਜਰਬਾ ਭਾਸ਼ਾ ਦੇ ਰੂਪ ਵਿਚ ਵੀ ਕੀਤਾ ਗਿਆ ਅਤੇ ਵੱਖ-ਵੱਖ ਅਨੁਭਵਾਂ ਨੂੰ ਵੀ ਇਕ ਜਗ੍ਹਾ ਤੇ ਸੰਜੋਣ ਦੀ ਪ੍ਰਕਿਰਿਆ ਇਸੇ ਤਜਰਬੇ ਦਾ ਹੀ ਦੂਜਾ ਪੱਖ ਹੈ। ''ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕਲਨ ਲਈ ਗੁਰੂ ਅਰਜਨ ਦੇਵ ਜੀ ਨੇ 13ਵੀਂ ਸਦੀ ਤੋਂ 17ਵੀਂ ਸਦੀ ਤੱਕ ਦੀਆਂ ਰਚਨਾਵਾਂ ਇਕੱਠੀਆਂ ਕੀਤੀਆਂ। ਇਹਨਾਂ ਵਿਚ 15 ਭਗਤ ਸ਼ਾਮਿਲ ਹਨ ਜੋ ਵੱਖ-ਵੱਖ ਖਿੱਤਿਆਂ ਤੇ ਵਰਗਾਂ ਨਾਲ ਸਬੰਧਿਤ ਸਨ। ਉਹਨਾਂ ਦੇ ਖਿੱਤੇ ਅਤੇ ਭਾਸ਼ਾਵਾਂ ਵੀ ਵੱਖ ਵੱਖ ਸਨ, ਅੱਜ ਦੀ ਭੂਗੋਲਿਕ ਵੰਡ ਅਨੁਸਾਰ ਇਹ ਭਗਤ ਬੰਗਾਲ, ਸਿੰਧ, ਮਹਾਰਾਸ਼ਟਰ, ਕਰਨਾਟਕ, ਯੂਪੀ, ਰਾਜਸਥਾਨ, ਅਵਧ ਆਦਿ ਖਿੱਤਿਆਂ ਵਿੱਚੋਂ ਸਨ। ਅਨੇਕ ਵਰਗਾਂ ਅਤੇ ਖਿੱਤਿਆਂ ਨੂੰ ਪ੍ਰਤੀਨਿਧਤਾ ਦੇਣੀ ਅਤੇ ਉਹਨਾਂ ਵਿਚ ਮੌਜੂਦ ਬਹੁ ਪਰਪੇਖੀ ਪਰ ਚਿੰਤਨ ਇੱਕਸਾਰਤਾ ਨੂੰ ਸਾਹਮਣੇ ਲਿਆਉਣਾ ਜੋ ਕਾਇਨਾਤੀ ਵਚਿੱਤਰਤਾ ਸੌਂਦਰਯ ਪਵਿੱਤਰਤਾ ਅਤੇ ਹਰ ਪ੍ਰਕਾਰ ਦੇ ਵਿਤਕਰੇ ਅਤੇ ਲੁੱਟ ਦੇ ਵਿਰੁੱਧ ਵਚਨਬੱਧ ਸੀ ਉਸ ਸਮੇਂ ਅਨੁਸਾਰ ਇਕ ਕ੍ਰਿਸ਼ਮਾਂ ਸੀ''।[17] ਇਸ ਤਰ੍ਹਾਂ ਗੁਰੂ ਨਾਨਕ ਸੱਚ ਇਕ ਵਿਸ਼ੇਸ਼ ਕਿਸਮ ਦੇ ਵਿਅਕਤੀਤਵ ਦੀ ਸਿਰਜਣਾ ਕਰਦਾ ਹੈ ਜਿਸ ਨੂੰ ਗੁਰਮੁਖ ਕਿਹਾ ਜਾਂਦਾ ਹੈ ਗੁਰਮੁਖਾਂ ਦਾ ਇਹ ਇਕੱਠ ਹੀ ਸੰਗਤ ਬਣਦਾ ਹੈ ਅਤੇ ਇਹ ਸੰਗਤ ਹੀ ਗੁਰੂ ਨਾਨਕ ਦੀ ਦਸਵੀਂ ਜੋਤ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਖਾਲਸਾ ਬਣ ਜਾਂਦੀ ਹੈ।

*''ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।* (ਭਾਈ ਗੁਰਦਾਸ ਦੂਜੀ ਵਾਰ ੪੧ ਪਉੜੀ ੧)

ਖਾਲਸਾ ਸਾਜਨਾ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸੱਚ ਨੂੰ ਮਨੁੱਖੀ ਵਿਹਾਰ ਦੇ ਇਤਿਹਾਸਿਕ ਅਮਲ ਨੂੰ ਸਿੱਧ ਰੱਖਣ ਵਾਲੀ ਮਰਿਆਦਾ ਬਖਸ਼ ਦਿੱਤੀ। ਇਸ ਮਰਿਆਦਾ ਦੇ ਧਾਰਨੀ ਖਾਲਸਾ ਜੀ ਨੇ ਪਹਿਲਾ ਰਾਖੀ ਪ੍ਰਬੰਧ ਅਤੇ ਫਿਰ ਸਰਕਾਰ ਖਾਲਸਾ ਰਾਹੀਂ ਸੰਜੋਗ, ਸੰਵਾਦ ਅਤੇ ਸੰਮਿਸ਼ਰਣ ਦੀ ਪ੍ਰਤੱਖ ਗਵਾਹੀ ਪੇਸ਼ ਕੀਤੀ। ਇਸ ਇਤਿਹਾਸਿਕ ਪਰਵਾਹ ਨੇ ਅਜੇ ਹੋਰ ਵਿਗਸਣਾ ਸੀ ਕਿ ਬਰਤਾਨਵੀ ਸਾਮਰਾਜ ਨੇ ਹਿੰਦੁਸਤਾਨ ਸਮੇਤ ਖਾਲਸਾ ਰਾਜ ਨੂੰ ਵੀ ਆਪਣੇ ਅਧੀਨ ਕਰ ਲਿਆ ਅਤੇ ਇਸ ਇਤਿਹਾਸਿਕ ਪ੍ਰਵਾਹ ਨੂੰ ਰੋਕ ਦਿੱਤਾ।

ਬਸਤੀਵਾਦੀ ਬਰਤਾਨਵੀ ਹਕੂਮਤ ਦੁਆਰਾ ਪੰਜਾਬ ਨੂੰ ਹਥਿਆਉਣ ਵੇਲੇ ਇੱਥੇ ਸਰਕਾਰ ਖ਼ਾਲਸਾ ਦੀ ਪੁਸ਼ਤ ਪਨਾਹੀ ਨਾਲ ਸਥਾਪਤ ਗਿਆਨ ਪ੍ਰਬੰਧ ਦੀ ਗਵਾਹੀ ਜੀ ਡਬਲ ਲੀਟਨਰ ਨੇ ਇਤਿਹਾਸਿਕ ਦਸਤਾਵੇਜ਼ ਹਿਸਟਰੀ ਆਫ ਇੰਡੀਜਨਸ ਐਜੂਕੇਸ਼ਨ ਇਨ ਪੰਜਾਬ[18] ਵਿਚ ਬਾਖੂਬੀ ਦਿੱਤੀ ਹੈ। ਲੀਟਨਰ ਮੁਤਾਬਕ ਖ਼ਾਲਸਾ ਰਾਜ ਦੇ ਖਤਮ ਹੋਣ ਤੋਂ ਬਾਅਦ ਈਸਟ ਇੰਡੀਆ ਕੰਪਨੀ ਨੇ ਜਿਸ ਪੰਜਾਬ ਨੂੰ ਹਥਿਆਇਆ ਉੱਥੇ ਗਿਆਨ ਦੇ ਪੱਖੋਂ ਖਲਾਅ ਨਹੀਂ ਸੀ। ਉਸ ਮੌਕੇ ਪੰਜਾਬ ਵਿਚ ਗੁਰਮੁਖੀ ਪਾਠਸ਼ਾਲਾਵਾਂ ਫਾਰਸੀ ਮੁਕਤਬਾ ਅਤੇ ਸੰਸਕ੍ਰਿਤ ਪਾਠਸ਼ਾਲਾਵਾਂ



ISSN : 2395-1273

ਦਾ ਇਕ ਭਰਪੂਰ ਪ੍ਰਬੰਧ ਮੌਜੂਦ ਸੀ ਜਿਸ ਨੂੰ ਸਰਕਾਰ ਖਾਲਸਾ ਵੱਲੋਂ ਵਜ਼ੀਫੇ ਲੱਗੇ ਹੋਏ ਸਨ ਅਤੇ ਇਹਨਾਂ ਦੇ ਪ੍ਰਬੰਧ ਦੀ ਸਥਾਨਕ ਤੌਰ ਤੇ ਨਿਗਰਾਨੀ ਜਾਂ ਨਜ਼ਰਸਾਨੀ ਕੀਤੀ ਜਾਂਦੀ ਸੀ। ਪ੍ਰੰਤੂ ਚਾਰਲਸ ਵੁਡ ਦੀਆਂ ਸਿਫਾਰਿਸ਼ਾਂ ਨਾਲ ਹਕੂਮਤੇ ਇੰਗਲਿਸ਼ੀਆ ਨੇ ਸਰਕਾਰੀ ਨਿਗਰਾਨੀ ਹੇਠ ਸਿੱਖਿਆ ਦੀ ਨੀਤੀ ਨੂੰ ਅਪਣਾ ਲਿਆ ਜਿਸ ਵਿਚ ਅੰਗਰੇਜ਼ੀ ਭਾਸ਼ਾ ਨੂੰ ਉਚੇਰੀ ਸਿੱਖਿਆ ਲਈ ਇੱਕੋ ਇਕ ਮੱਧ ਬਣਿਆ ਗਿਆ ਅਤੇ ਸਥਾਨਕ ਜੁਬਾਨਾਂ ਨੂੰ ਕੇਵਲ ਹੇਠਲੇ ਪੱਧਰ ਦੀ ਮੁੱਢਲੀ ਵਿੱਦਿਆ ਹਾਸਿਲ ਕਰਨ ਤੱਕ ਸੀਮਤ ਕਰ ਦਿੱਤਾ ਗਿਆ ਅਤੇ ਇਸ ਪੱਖ ਤੋਂ ਸਿੱਖਿਅਤ ਅਧਿਆਪਕ ਪੈਦਾ ਕਰਨ ਲਈ ਅਧਿਆਪਕ ਸਿੱਖਿਆ ਸੰਸਥਾਵਾਂ ਦੀ ਇਕ ਲੜੀ ਸਿਰਜੀ ਗਈ। ਇਸ ਦੇ ਨਾਲ ਹੀ ਲੋਕਾਂ ਨੂੰ ਦਿੱਤੀ ਜਾਣ ਵਾਲੀ ਹਦਾਇਤ ਸਬੰਧੀ ਡਿਪਾਰਟਮੈਂਟ ਆਫ ਪਬਲਿਕ ਇੰਸਟਰਕਸ਼ਨ ਦੀ ਸਥਾਪਨਾ ਕੀਤੀ ਗਈ ਜਿਸ ਨੂੰ ਅੱਜ ਵੀ ਡੀਪੀਆਈ ਦੇ ਰੂਪ ਵਿਚ ਬਹਾਲ ਰੱਖਿਆ ਗਿਆ ਹੈ। ਇਥੋਂ ਹੀ ਸ਼ੁਰੂ ਹੁੰਦਾ ਹੈ ਪੰਜਾਬ ਵਿਚ ਬਸਤੀਵਾਦੀ ਗਿਆਨ ਹਿੰਸਾ ਦਾ ਸਿਲਸਿਲਾ।

ਇਸ ਦੇ ਮੁਕਾਬਲਤਨ ਜਦੋਂ ਅਸੀਂ ਗੁਰੂ ਨਾਨਕ ਸੱਚ ਦੇ ਰੂਪ ਵਿਚ ਵਿਸਮਾਦੀ ਚਿੰਤਨ ਵਿੱਚੋਂ ਉਪਜੀਆਂ ਸੰਸਥਾਵਾਂ ਵੱਲ ਨਿਗਾਹ ਮਾਰਦੇ ਹਾਂ ਤਾਂ ਉਹਨਾਂ ਵਿਚ ਆਪਸੀ ਸਹਿਹੋਂਦ, ਕੁਲ ਕਾਇਨਾਤ ਨੂੰ ਭਾਈਚਾਰਾ ਮੰਨਣ ਦੇ ਵਿਚਾਰ, ਵਿਸ਼ਵ ਨੂੰ ਗਤੀਸ਼ੀਲ ਬਣਾਉਣ ਵਾਲੇ ਸਮਿਸ਼ਰਣ ਦੇ ਵਿਚਾਰ ਅਤੇ ਕਿਸੇ ਇਕ ਦ੍ਰਿਸ਼ਟੀ ਜਾਂ ਦ੍ਰਿਸ਼ਟੀਕੋਣ ਦੀ ਅਜਾਰੇਦਾਰੀ ਦਾ ਵਿਰੋਧ ਅਤੇ ਵੱਖ ਵੱਖ ਦ੍ਰਿਸ਼ਟੀਆਂ ਪਰਿਪੇਖਾਂ ਅਤੇ ਅਨਿਕ ਜਾਵੀਆਂ ਦੇ ਅੰਤਰ ਸੰਵਾਦ ਦੇ ਆਧਾਰ ਪ੍ਰਾਪਤ ਹੁੰਦੇ ਹਨ।

ਗੁਰੂ ਨਾਨਕ ਸੱਚ ਗੁਰਮੁਖਾਂ ਭਾਵ ਸਿੱਖਾਂ ਨੂੰ ਇਕ ਅਜਿਹੀ ਗੌਰਵਮਈ ਦ੍ਰਿਸ਼ਟੀ ਨਾਲ ਸੰਗਿਾਰਦਾ ਹੈ ਜੋ ਦੂਜਿਆਂ ਦੀ ਹੋਂਦ ਸੋਚ ਪ੍ਰਬੰਧ ਗਿਆਨ ਪ੍ਰਬੰਧ ਰਾਜਸੀ ਹਸਤੀ ਸੱਭਿਆਚਾਰਕ ਪਛਾਣ ਆਦਿ ਦਾ ਨਾ ਕੇਵਲ ਸਤਿਕਾਰ ਕਰਦੀ ਹੈ ਬਲਕਿ ਉਸ ਦੇ ਮੌਲਣ ਲਈ ਭਰਪੂਰ ਮੌਕੇ ਸਿਰਜਦੀ ਹੈ। ਇਸ ਵਿਚ ਹਿੰਸਾ ਅਤੇ ਦਮਨ ਦੀ ਕੋਈ ਥਾਂ ਨਹੀਂ ਬਲਕਿ ਇਸ ਵਿਚ ਜ਼ੁਲਮ ਦੇ ਖਿਲਾਫ ਲੜਨ ਦੀ ਅਥਾਹ ਪ੍ਰੇਰਨਾ ਹੈ।

## ਹਵਾਲੇ ਤੇ ਟਿੱਪਣੀਆਂ :


1. "The state is that human community which successfully lays claim to the Monopoly of legitimate physical force within a certain territory" ਮੈਕਸ ਵੈਬਰ, ਪੋਲੀਟਿਕਸ ਐਜ਼ ਵੋਕੇਸ਼ਨ, ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1946, ਸਫਾ 4.
2. **ਸਿਖ ਦ੍ਰਿਸ਼ਟੀ ਦਾ ਗੌਰਵ**, ਸੰਪਾਦਕ ਅਜਮੇਰ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ 2019 ਸਫਾ 27.
3. **ਉਹੀ** ਸਫਾ 29.
4. **ਉਹੀ** ਸਫਾ 27.
5. Birinderpal singh, **Violence as Critical Discourse : Sikh militancy confronts the Indian state**, Indian institute of advanced studies Shimla, 2002.
6. **ਸਿੱਖ ਦ੍ਰਿਸ਼ਟੀ ਦਾ ਗੌਰਵ**, ਸੰਪਾਦਕ ਅਜਮੇਰ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2019,ਸਫਾ 43.
7. ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ**, ਸਫਾ 70.
8. **ਉਹੀ**, ਸਫ਼ਾ 69.
9. **ਸਿੱਖ ਦ੍ਰਿਸ਼ਟੀ ਦਾ ਗੌਰਵ**, ਸੰਪਾਦਕ ਅਜਮੇਰ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2019, ਸਫਾ 38.
10. **ਵਿਸਮਾਦੀ ਪੂੰਜੀ ਪੰਜਾਬ ਅਤੇ ਪੰਜਾਬੀਅਤ ਦੀ ਮੌਲਿਕਤਾ**, ਗੁਰਭਗਤ ਸਿੰਘ ਸਿੰਘ ਬ੍ਰਦਰਜ਼ 2010 ਸਫਾ 55.
11. **ਉਹੀ**.
12. ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ**, ਸਫਾ 72.
13. **ਉਹੀ**, ਸਫ਼ਾ 73.
14. **ਸਿੱਖ ਦ੍ਰਿਸ਼ਟੀ ਦਾ ਗੌਰਵ**, ਸੰਪਾਦਕ ਅਜਮੇਰ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ, 2019, ਸਫਾ 39.
15. **ਉਹੀ.**
16. **ਉਹੀ** ਸਫ਼ਾ 44.
17. **ਉਹੀ** ਸਫ਼ਾ 45.
18. **History of indigenous education in Punjab sales annexation and in 1882**, G.W. Leitner, printed by the superintendent of government printing India, 1882.


✧